ਰੋਜ਼ਾਨਾ ਲੋਕ ਬਾਣੀ
ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ

# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਬੁੱਧਵਾਰ, 11 ਸਤੰਬਰ 2024
Email:- lokbani08@gmail.com

### ਅੱਜ ਦਾ ਸ਼ੁਭ ਵਿਚਾਰ



ਕਿਸੇ ਦੀਆ ਸੁਣਾਈਆਂ ਹੋਈਆਂ ਗੱਲਾਂ ਤੇ ਤੁਰੰਤ ਯਕੀਨ ਨਹੀਂ ਕਰ ਲੈਣਾ ਚਾਹੀਦਾ,
ਕਿਉਂਕਿ ਲੋਕ ਤੁਹਾਨੂੰ ਉਹ ਗੱਲਾਂ ਕਦੇ ਨਹੀਂ ਦੱਸਦੇ ਜਿਸ ਵਿੱਚ ਉਹ ਖ਼ੁਦ ਗ਼ਲਤ ਹੋਣ।

**ਨਰਿੰਦਰ ਨੀਟਾ**

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 ✶ ਸਾਲ 16 , ✶ ਅੰਕ : 94, ✶ ਮੁੱਲ : 6 ਰੁਪਏ ✶ ਕੁੱਲ ਪੇਜ: 10 ✶ ਦਫ਼ਤਰ : 0181-2211009 ✶ M : 99155-94111

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

## ਰੂਸੀ ਫੌਜ ਨੇ ਪੰਜਾਬ ਤੇ ਹਰਿਆਣਾ ਦੇ ਨੌਜਵਾਨਾਂ ਦੀਆਂ ਫੌਜ਼ੀ ਸੇਵਾਵਾਂ ਕੀਤੀਆਂ ਖਤਮ

**ਚੰਡੀਗੜ੍ਹ, ਵਿਨੋਦ ਸ਼ਰਮਾ**--ਰੂਸੀ ਫੌਜ ਵਿਚ ਕੰਮ ਕਰ ਰਹੇ ਛੇ ਭਾਰਤੀਆਂ ਨੂੰ ਉਥੋਂ ਦੀ ਫੌਜ ਵਿਚੋਂ ਛੁੱਟੀ ਦੇ ਦਿੱਤੀ ਗਈ ਹੈ ਜਿਸ ਕਾਰਨ ਉਹ ਅੱਜ ਰਾਤ ਨੂੰ ਵਤਨ ਪਰਤ ਰਹੇ ਹਨ। ਇਨ੍ਹਾਂ ਵਿਚੋਂ ਪੰਜ ਪੰਜਾਬ ਅਤੇ ਇਕ ਹਰਿਆਣਾ ਨਾਲ ਸਬੰਧਤ ਹਨ। ਇਸ ਵੇਲੇ ਕੁੱਲ ਮਿਲਾ ਕੇ 89 ਭਾਰਤੀ ਨਾਗਰਿਕ ਰੂਸੀ ਫੌਜ ਵਿੱਚ ਸੇਵਾਵਾਂ ਨਿਭਾਅ ਰਹੇ ਹਨ। ਰੂਸ ਤੋਂ ਛੇ ਨੌਜਵਾਨਾਂ ਦੀ ਵਾਪਸੀ ਭਾਰਤ ਵੱਲੋਂ ਮਾਮਲੇ ਨੂੰ ਜ਼ੋਰਦਾਰ ਢੰਗ ਨਾਲ ਉਠਾਉਣ ਤੋਂ ਬਾਅਦ ਹੋਈ ਹੈ। ਇਸ ਸਬੰਧ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ



ਨੇ ਜੁਲਾਈ ਵਿੱਚ ਰੂਸ ਦੀ ਯਾਤਰਾ ਕੀਤੀ ਸੀ ਤੇ ਸਾਰੇ ਭਾਰਤੀਆਂ ਦੀ ਛੇਤੀ ਰਿਹਾਈ ਦਾ ਮਾਮਲਾ ਚੁੱਕਿਆ ਸੀ। ਇਹ ਜਾਣਕਾਰੀ ਮਿਲੀ ਹੈ ਕਿ ਛੇ ਨੌਜਵਾਨ ਮੰਗਲਵਾਰ ਰਾਤ ਨੂੰ ਦਿੱਲੀ ਪਰਤ ਰਹੇ ਹਨ ਅਤੇ 10 ਹੋਰਾਂ ਦੇ ਵੀ ਜਲਦੀ ਹੀ ਭਾਰਤ ਪੁੱਜਣ ਦੀ ਉਮੀਦ ਹੈ।

## ਮਨੀਪੁਰ ਚ ਹਾਲਾਤ ਨਾਜ਼ੁਕ ਸੁਰੱਖਿਆ ਬਲਾਂ ਨੇ ਵਿਦਿਆਰਥੀਆਂ ਤੇ ਅਥਰੂ ਗੈਸ ਦੇ ਗੋਲੇ ਦਾਗੇ

**ਮਨੀਪੁਰ, ਲੋਕ ਬਾਣੀ**--ਮਨੀਪੁਰ ਦੇ ਡੀਜੀਪੀ ਅਤੇ ਸੂਬੇ ਦੇ ਸੁਰੱਖਿਆ ਸਲਾਹਕਾਰ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਨੂੰ ਲੈ ਕੇ ਦਬਾਅ ਬਣਾਉਣ ਲਈ ਰਾਜਭਵਨ ਵੱਲ ਕੂਚ ਕਰਨ ਦੀ ਕੋਸ਼ਿਸ਼ ਕਰ ਰਹੇ ਪ੍ਰਦਰਸ਼ਨਕਾਰੀਆਂ ਨਾਲ ਝੜਪ ਹੋਣ 'ਤੇ ਸੁਰੱਖਿਆ ਬਲਾਂ ਨੇ ਅੱਜ ਅੱਥਰੂ ਗੈਸ ਦੇ ਗੋਲੇ ਦਾਗੇ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਸੇ ਦੌਰਾਨ ਮਨੀਪੁਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਇਕ ਵਿਰੋਧ ਰੈਲੀ



ਕੱਢੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਵੀ ਸਾੜਿਆ। ਉੱਧਰ, ਵਿਦਿਆਰਥੀਆਂ ਦੇ ਅੰਦੋਲਨ ਵਿਚਾਲੇ ਅੱਜ ਪੂਰੇ ਸੂਬੇ ਵਿੱਚ ਇੰਟਰਨੈੱਟ ਸੇਵਾ ਪੰਜ ਦਿਨਾਂ ਲਈ ਮੁਅੱਤਲ ਕਰ ਦਿੱਤੀ ਗਈ ਹੈ।

## ਕੋਲਕਾਤਾ ਘਟਨਾ ਮਾਮਲੇ ਵਿਚ ਸਾਬਕਾ ਪ੍ਰਿੰਸੀਪਲ ਨੂੰ ਭੇਜਿਆ ਗਿਆ ਜੇਲ੍ਹ

**ਕੋਲਕਾਤਾ, ਲੋਕ ਬਾਣੀ**--ਆਰਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਘੋਸ਼ ਨੂੰ ਕਥਿਤ ਵਿੱਤੀ ਅਨਿਯਮਤਾਵਾਂ ਦੇ ਮਾਮਲੇ ਵਿੱਚ ਅੱਜ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ 23 ਸਤੰਬਰ ਤੱਕ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ। ਅਦਾਲਤ ਨੇ ਉਸ ਦੇ ਸੁਰੱਖਿਆਕਰਮੀ ਅਫ਼ਸਰ ਅਲੀ ਅਤੇ ਦੋ ਕਥਿਤ ਸਹਿਯੋਗੀਆਂ (ਠੇਕੇਦਾਰ ਵੈਂਡਰ ਵਿਪਲਬ ਸਿਨਹਾ ਅਤੇ



ਸੁਮਨ ਹਾਜਰਾ) ਨੂੰ ਵੀ 23 ਸਤੰਬਰ ਤੱਕ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ। ਸੀਬੀਆਈ ਨੇ ਅਦਾਲਤ ਨੂੰ ਦੱਸਿਆ ਕਿ ਜੇਕਰ ਲੋੜ ਹੋਈ ਤਾਂ ਉਹ ਮੁੜ ਤੋਂ ਉਸ ਦੀ ਹਿਰਾਸਤ ਦੀ ਮੰਗ ਕਰੇਗੀ। -

## ਜਿਊਲਰ ਤੋਂ ਰੇਲਵੇ ਨੇ ਫੜਿਆ ਕਰੋੜਾਂ ਦਾ ਸੋਨਾ

**ਜਲੰਧਰ ,ਬਿੱਟੂ ਫੋਲੜੀਵਾਲ** --ਪੰਜਾਬ ਦੇ ਜਲੰਧਰ ਤੋਂ ਵੱਡੀ ਖਬਰ ਆ ਰਹੀ ਹੈ ਜਿਥੇ ਆਰ. ਪੀ. ਐੱਫ. (ਰੇਲਵੇ ਪ੍ਰੋਟੈਕਸ਼ਨ ਫੋਰਸ) ਨੇ ਚੱਲਦੀ ਟ੍ਰੇਨ ਵਿਚੋਂ 2.905 ਕਿਲੋਗ੍ਰਾਮ ਸੋਨਾ ਬਰਾਮਦ ਕੀਤਾ, ਜਿਸ ਦੀ ਕੀਮਤ 1.30 ਕਰੋੜ ਰੁਪਏ ਤੋਂ ਜ਼ਿਆਦਾ ਦੱਸੀ ਜਾ ਰਹੀ ਹੈ। ਪੁਲਸ ਮੁਤਾਬਕ ਅੰਮ੍ਰਿਤਸਰ ਦਾ ਜਿਊਲਰ ਉਕਤ



ਗਹਿਣੇ ਲੈ ਕੇ ਬਿਹਾਰ ਜਾ ਰਿਹਾ ਸੀ ਅਤੇ ਗਹਿਣਿਆਂ ਸਬੰਧੀ ਕੋਈ ਕਾਗਜ਼ਾਤ ਨਹੀਂ ਦਿਖਾ ਸਕਿਆ, ਜਿਸ ਕਾਰਨ ਪੁਲਸ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ।

## ਭਾਰਤ ਦੌਰੇ ਤੇ ਜਲਦ ਆਉਣਗੇ ਮਾਲਦੀਵ ਦੇ ਰਾਸ਼ਟਰਪਤੀ

**ਦਿੱਲੀ, ਲੋਕ ਬਾਣੀ**--ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੁਇਜ਼ੂ ਬਹੁਤ ਜਲਦ ਭਾਰਤ ਦੀ ਸਰਕਾਰੀ ਯਾਤਰਾ 'ਤੇ ਆਉਣਗੇ। ਇਹ ਜਾਣਕਾਰੀ ਉਨ੍ਹਾਂ ਦੇ ਬੁਲਾਰੇ ਨੇ ਸਾਂਝੀ ਕੀਤੀ। ਰਾਸ਼ਟਰਪਤੀ ਦਫ਼ਤਰ ਦੀ ਮੁੱਖ ਬੁਲਾਰੇ ਹਿਨਾ ਵਲੀਦ ਨੇ ਮੁਈਜ਼ੂ ਦੇ ਦੌਰੇ ਦਾ ਐਲਾਨ ਉਸ ਦਿਨ ਕੀਤਾ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਅਪਮਾਨਜਨਕ ਟਿੱਪਣੀਆਂ ਲਈ ਜਨਵਰੀ ਵਿਚ ਮੁਅੱਤਲ ਕੀਤੇ ਗਏ ਦੋ ਜੂਨੀਅਰ ਮੰਤਰੀਆਂ ਨੇ ਸਰਕਾਰ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਯਾਤਰਾ ਦੀ ਸਹੀ ਤਰੀਕ ਅਜੇ ਤੈਅ ਨਹੀਂ ਕੀਤੀ ਗਈ ਹੈ, ਦੋਵੇਂ ਧਿਰਾਂ ਇਕ ਤਾਰੀਖ



'ਤੇ ਚਰਚਾ ਕਰ ਰਹੀਆਂ ਹਨ, ਜੋ ਦੋਵਾਂ ਦੇਸ਼ਾਂ ਦੇ ਨੇਤਾਵਾਂ ਲਈ ਸੁਵਿਧਾਜਨਕ ਹੋਵੇ। ਮੁਈਜ਼ੂ 9 ਜੂਨ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਸਹੁੰ ਚੁੱਕ ਸਮਾਗਮ ਵਿਚ ਸ਼ਾਮਿਲ ਹੋਣ ਲਈ ਨਵੀਂ ਦਿੱਲੀ ਆਏ ਸਨ। ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਅਗਸਤ ਵਿਚ ਮਾਲਦੀਵ ਦਾ ਦੌਰਾ ਕੀਤਾ ਸੀ।

## ਪੰਜਾਬ ਵਿੱਚ ਨਜਾਇਜ਼ ਪਟਾਕਾ ਫੈਕਟਰੀ ਵਿਚ ਹੋਇਆ ਧਮਾਕਾ ਚਾਰ ਦੀ ਹੋਈ ਮੌਤ

**ਅੰਮ੍ਰਿਤਸਰ, ਲੋਕ ਬਾਣੀ** --ਪੰਜਾਬ ਦੇ ਕਸਬਾ ਬਿਆਸ ਦੇ ਨਜ਼ਦੀਕ ਨੰਗਲ ਪਿੰਡ ਚ ਚੱਲ ਰਹੀ ਨਾਜਾਇਜ਼ ਪਟਾਕਾ ਫੈਕਟਰੀ ਵਿਚ ਹੋਏ ਬਲਾਸਟ ਦੇ ਚਲਦੇ ਇਕੋ ਪਰਿਵਾਰ ਦੇ ਚਾਰ ਚਿਰਾਗ ਬੁਝਣ ਦੇ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਦੇ ਨਾਲ ਪਿੰਡ ਚ ਮਾਤਮ ਦਾ ਮਾਹੌਲ ਬਣਿਆ ਹੈ, ਉਥੇ ਹੀ ਲੋਕਾਂ ਚ ਅਜਿਹੀਆਂ ਬਿਨਾਂ ਲਾਇਸੈਂਸ ਚਲ ਰਹੀਆਂ ਪਟਾਕਾ ਫੈਕਟਰੀਆਂ ਨੂੰ ਲੈ ਕੇ ਭਾਰੀ ਰੋਸ ਦਿਖਾਈ ਦੇ



ਰਿਹਾ ਹੈ ਤੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ

## ਦੋ ਕਿਸਾਨਾਂ ਦੀ ਓੜਿਸਾ ਚ ਹੋਈ ਆਸਮਾਨੀ ਬਿਜਲੀ ਡਿੱਗਣ ਨਾਲ ਮੌਤ

**ਬਾਰੀਪੜਾ ਲੋਕ ਬਾਣੀ-** -ਓਡਿਸ਼ਾ ਦੇ ਮਯੂਰਭੰਜ ਜ਼ਿਲ੍ਹੇ ਵਿਚ ਇਕ ਝੋਨੇ ਦੇ ਖੇਤ ਵਿਚ ਕੰਮ ਕਰਦੇ ਸਮੇਂ ਅਸਮਾਨੀ ਬਿਜਲੀ ਡਿੱਗਣ ਕਾਰਨ ਦੋ ਕਿਸਾਨਾਂ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਹ ਘਟਨਾ ਬੇਤਨੋਤੀ ਖੇਤਰ ਦੇ ਡੁਮਾਪਾਡਾ ਪਿੰਡ ਚ ਵਾਪਰੀ। ਬੇਤਨੋਤੀ ਥਾਣੇ ਦੇ ਇੰਚਾਰਜ ਇੰਸਪੈਕਟਰ ਸਸਮਿਤਾ ਮੋਹੰਤਾ ਨੇ ਕਿਹਾ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਪੀ.ਆਰ.



ਐਮ. ਮੈਡੀਕਲ ਕਾਲਜ ਅਤੇ ਹਸਪਤਾਲ, ਬਾਰੀਪਾੜਾ ਭੇਜ ਦਿੱਤਾ ਗਿਆ ਹੈ।

## ਜੀ.ਟੀ ਰੋਡ ਤੇ ਵਾਪਰੀਆਂ ਸੜਕ ਹਾਦਸਾ ਇਕ ਦੀ ਮੌਤ ਦੋ ਜ਼ਖ਼ਮੀ

**ਦਸੂਹਾ, ਲੋਕ ਬਾਣੀ**,--ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਦਸੂਹਾ ਚ ਜਲੰਧਰ-ਪਠਾਨਕੋਟ ਮਾਰਗ ਤੇ ਨਜ਼ਦੀਕ ਹਾਈਵੇਅ ਤੇ ਪੈਂਦੇ ਪਿੰਡ ਝੀਂਗਣਾ ਨੇੜੇ ਸਵਾਰੀਆਂ ਨਾਲ ਭਰੀ ਤੇਜ਼ ਰਫ਼ਤਾਰ ਬੱਸ ਕਾਰਣ ਵੱਡਾ ਹਾਦਸਾ ਵਾਪਰ ਗਿਆ। ਮਿਲੀ ਜਾਣਕਾਰੀ ਮੁਤਾਬਕ ਸੜਕ ਤੇ ਪੈਦਲ ਜਾ ਰਹੇ ਇਕੋ ਪਰਿਵਾਰ ਦੇ ਤਿੰਨ ਲੋਕਾਂ ਨੂੰ ਬੱਸ ਨੇ ਟੱਕਰ




ਮਾਰ ਦਿੱਤਾ। ਜਿਸ ਵਿਚ ਇਕ ਦੀ ਮੌਤ ਹੋ ਗਈ ਜਦਕਿ ਦੋ ਦੀ ਹਾਲਤ ਬੇਹੱਦ ਗੰਭੀਰ ਦੱਸੀ ਜਾ ਰਹੀ ਹੈ।

## ਛੱਪੜ ਵਿੱਚ ਡੁੱਬਣ ਨਾਲ ਸਕੇ ਭੇਣ ਭਰਾ ਦੀ ਹੋਈ ਮੌਤ



**ਫਰੀਦਕੋਟ, ਲੋਕ ਬਾਣੀ**--ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਰਾਜੋਵਾਲਾ ਵਿਚ ਆਪਣੇ ਨਾਨਕੇ ਘਰ ਆਏ 2 ਸਕੇ ਭੈਣ-ਭਰਾਵਾਂ ਦੀ ਛੱਪੜ ਵਿਚ ਡੁੱਬਣ ਨਾਲ ਮੌਤ ਹੋ ਗਈ। ਇਨ੍ਹਾਂ ਮਾਸੂਮ ਬੱਚਿਆਂ ਵਿਚ 9 ਸਾਲ ਦਾ ਬੱਚਾ ਅਤੇ 6 ਸਾਲ ਦੀ ਬੱਚੀ ਸ਼ਾਮਿਲ ਹੈ। ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਝੋਕ ਹਰੀਹਰ ਦੇ ਵਸਨੀਕ ਇਹ ਆਪਣੇ ਨਾਨਕੇ ਪਰਿਵਾਰ ਆਏ ਹੋਏ ਸਨ।

ਰਾਜੀਵ ਸ਼ਰਮਾ
98151-01551
ASTROLOGER
TV SERIAL KHEL SITARON KA,
DAINIK BHASKAR, THE ASIA TIMES (U.K) & WORLD FOCUS ( CANADA )
SANKAT MOCHAN DARBAR
SHANKAR GARDEN , NEAR INCOME TAX COLONY , JAL.



# ਖੰਨਾ ਚ ਆਪ ਆਗੂ ਦੀ ਗੋਲੀ ਮਾਰ ਕੇ ਹੱਤਿਆ, ਸੜਕ ਕਿਨਾਰੇ ਮਿਲੀ ਖ਼ੂਨ ਨਾਲ ਲੱਥਪੱਥ ਲਾਸ਼

ਖੰਨਾ-(ਲੋਕ ਬਾਣੀ) ਆਮ ਆਦਮੀ ਪਾਰਟੀ (ਆਪ) ਕਿਸਾਨ ਵਿੰਗ ਦੇ ਪ੍ਰਧਾਨ ਤਰਲੋਚਨ ਸਿੰਘ ਡੀਸੀ ਦੀ ਖੰਨਾ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਸੋਮਵਾਰ ਸ਼ਾਮ ਨੂੰ ਜਦੋਂ ਡੀਸੀ ਆਪਣੇ ਖੇਤਾਂ ਤੋਂ ਘਰ ਪਰਤ ਰਿਹਾ ਸੀ ਤਾਂ ਅਣਪਛਾਤੇ ਲੋਕਾਂ ਨੇ ਉਸ ਤੇ ਗੋਲੀਆਂ ਚਲਾ ਦਿੱਤੀਆਂ ਤੇ ਤਰਲੋਚਨ ਪਿੰਡ ਦੀ ਸੜਕ ਕਿਨਾਰੇ ਲਹੂ-ਲੁਹਾਨ ਹਾਲਤ ਵਿੱਚ ਡਿੱਗ ਪਿਆ। ਇਸ ਤੋਂ ਬਾਅਦ ਉਸ ਦੇ ਪੁੱਤ ਨੇ ਪਿੰਡ ਦੇ ਲੋਕਾਂ ਨਾਲ ਮਿਲ ਕੇ ਉਸ ਨੂੰ ਸਿਵਲ ਹਸਪਤਾਲ ਪਹੁੰਚਾਇਆ। ਉੱਥੇ ਡਾਕਟਰਾਂ ਨੇ ਡੀਸੀ ਨੂੰ ਮ੍ਰਿਤਕ ਐਲਾਨ ਦਿੱਤਾ।

ਜਾਣਕਾਰੀ ਅਨੁਸਾਰ ਤਰਲੋਚਨ ਸਿੰਘ ਨੇ ਪਿਛਲੀ ਵਾਰ ਪਿੰਡ ਵਿੱਚ ਸਰਪੰਚ ਦੀ ਚੋਣ ਲੜੀ ਸੀ, ਪਰ ਹਾਰ ਗਏ ਸਨ। ਕੁਝ ਸਮਾਂ ਪਹਿਲਾਂ ਉਹ 'ਆਪ' ਵਿੱਚ ਸ਼ਾਮਲ ਹੋਏ ਸਨ। ਇਸ ਤੋਂ ਬਾਅਦ ਪਾਰਟੀ ਨੇ ਉਨ੍ਹਾਂ ਨੂੰ ਕਿਸਾਨ ਵਿੰਗ ਦਾ ਪ੍ਰਧਾਨ ਬਣਾ ਦਿੱਤਾ। ਹੁਣ ਤਰਲੋਚਨ ਸਿੰਘ ਮੁੜ ਪਿੰਡ ਵਿੱਚ ਸਰਪੰਚ ਦੀ ਚੋਣ ਲੜਨ ਦੀ ਤਿਆਰੀ ਕਰ ਰਿਹਾ ਸੀ।ਇਸ ਦੌਰਾਨ ਸੋਮਵਾਰ ਸ਼ਾਮ ਉਸ ਦਾ ਕਤਲ ਕਰ ਦਿੱਤਾ ਗਿਆ। ਤਰਲੋਚਨ ਦੇ ਪੁੱਤਰ ਹਰਪ੍ਰੀਤ ਸਿੰਘ ਹੈਪੀ ਨੇ ਦੱਸਿਆ ਕਿ ਉਸ ਦਾ ਪਿਤਾ ਸੜਕ ਕਿਨਾਰੇ ਖ਼ੂਨ ਨਾਲ ਲੱਥਪੱਥ ਹਾਲਤ ਚ ਪਿਆ ਮਿਲਿਆ। ਕਿਸੇ ਨੇ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ। ਉਸ ਨੇ ਦੱਸਿਆ ਕਿ ਕਿਸੇ ਰੰਜਿਸ਼ ਕਾਰਨ ਉਸ ਦੇ ਪਿਤਾ ਦਾ ਕਤਲ ਕੀਤਾ ਗਿਆ ਹੈ।



ਸੂਚਨਾ ਮਿਲਣ ਤੋਂ ਬਾਅਦ ਐਸਪੀ ਇਨਵੈਸਟੀਗੇਸ਼ਨ ਸੌਰਵ ਜਿੰਦਲ ਆਪਣੀ ਟੀਮ ਸਮੇਤ ਸਿਵਲ ਹਸਪਤਾਲ ਖੰਨਾ ਪੁੱਜੇ। ਇਸ ਤੋਂ ਬਾਅਦ ਉਹ ਡੀਐਸਪੀ ਖੰਨਾ ਅੰਮ੍ਰਿਤਪਾਲ ਸਿੰਘ ਭਾਟੀ ਅਤੇ ਸੀਆਈਏ ਸਟਾਫ਼ ਇੰਚਾਰਜ ਅਮਨਦੀਪ ਸਿੰਘ ਨੂੰ ਨਾਲ ਲੈ ਕੇ ਪਿੰਡ ਇਕਲਾਹੇ ਵਿੱਚ ਮੌਕੇ 'ਤੇ ਪੁੱਜੇ। ਐਸਪੀ ਨੇ ਕਿਹਾ ਕਿ ਇਸ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ। ਪੁਲਿਸ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ। ਜਲਦ ਹੀ ਦੋਸ਼ੀਆਂ ਦਾ ਪਤਾ ਲਗਾ ਕੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਡੇਰਾ ਮੁਖੀ ਰਾਮ ਰਹੀਮ ਦੀਆਂ ਵਧੀਆਂ ਮੁਸ਼ਕਿਲਾਂ, ਪੜ੍ਹੋ ਕਿਸ ਮਾਮਲੇ ਚ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕਰਕੇ ਮੰਗਿਆ ਜਵਾਬ



(ਲੋਕ ਬਾਣੀ) ਸੁਪਰੀਮ ਕੋਰਟ ਨੇ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਸਿੰਘ ਨੂੰ ਰਣਜੀਤ ਸਿੰਘ ਕਤਲ ਕੇਸ ਵਿੱਚ ਬਰੀ ਕੀਤੇ ਜਾਣ ਦੇ ਮਾਮਲੇ ਵਿੱਚ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਡੇਰਾ ਸੱਚਾ ਸੌਦਾ ਦੇ ਮੈਨੇਜਰ ਰਣਜੀਤ ਸਿੰਘ ਦੀ 2002 ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿੱਚ ਸੀਬੀਆਈ ਅਦਾਲਤ ਨੇ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਪਰ ਇਸ ਸਾਲ 28 ਮਈ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਮਾਮਲੇ ਚ ਰਾਮ ਰਹੀਮ ਅਤੇ 4 ਹੋਰਾਂ ਨੂੰ ਬਰੀ ਕਰ ਦਿੱਤਾ ਸੀ।

ਹਾਈ ਕੋਰਟ ਦੇ ਇਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਸ ਦੀ ਜਾਂਚ ਕਰਨ ਦੀ ਹਾਮੀ ਭਰ ਦਿੱਤੀ ਹੈ। ਇਸ ਸਬੰਧ ਵਿਚ ਸੋਮਵਾਰ ਨੂੰ ਰਾਮ ਰਹੀਮ ਅਤੇ ਹੋਰ ਧਿਰਾਂ ਨੂੰ ਨੋਟਿਸ ਜਾਰੀ ਕਰਕੇ 4 ਹਫ਼ਤਿਆਂ ਵਿਚ ਜਵਾਬ ਮੰਗਿਆ ਗਿਆ ਹੈ। ਦਰਅਸਲ, ਰਣਜੀਤ ਸਿੰਘ ਕਤਲ ਕੇਸ ਵਿੱਚ ਰਾਮ ਰਹੀਮ ਅਤੇ ਚਾਰ ਹੋਰਾਂ ਨੂੰ ਬਰੀ ਕਰਨ ਦੇ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੰਦੇ ਹੋਏ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ। ਇਹ ਪਟੀਸ਼ਨ ਜਗਸੀਰ ਸਿੰਘ ਦੀ ਤਰਫੋਂ ਉਨ੍ਹਾਂ ਦੇ ਵਕੀਲ ਸਤਿਆਮਿਤਰਾ ਨੇ ਦਾਇਰ ਕੀਤੀ ਸੀ। ਇਸ ਵਿੱਚ ਹਾਈ ਕੋਰਟ ਦੇ 28 ਮਈ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਸੀ। ਪਟੀਸ਼ਨ ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੀ ਜਸਟਿਸ ਬੇਲਾ ਐਮ ਤ੍ਰਿਵੇਦੀ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਰਾਮ ਰਹੀਮ ਅਤੇ ਚਾਰ ਹੋਰਾਂ ਨੂੰ ਨੋਟਿਸ ਜਾਰੀ ਕੀਤਾ ਹੈ।

# ਲੰਗਰ ਦੀ ਸੇਵਾ ਕਰਕੇ ਘਰ ਪਰਤ ਰਹੇ ਪਿਓ-ਪੁੱਤਰਾਂ ਤੇ ਅਣਪਛਾਤੇ ਵਿਅਕਤੀਆਂ ਨੇ ਕੀਤੀ ਗੋਲੀਬਾਰੀ, ਜਾਂਚ ਚ ਜੁੱਟੀ ਪੁਲਿਸ

ਜਗਰਾਉਂ- (ਲੋਕ ਬਾਣੀ) ਲੁਧਿਆਣਾ ਜ਼ਿਲ੍ਹੇ ਦੇ ਜਗਰਾਉਂ ਦੇ ਆਸ-ਪਾਸ ਦੇ ਇਲਾਕਿਆਂ ਦੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਲੰਗਰ ਛਕ ਰਹੇ ਪਿਤਾ-ਪੁੱਤਾਂ ਦੀ ਗੱਡੀ ਤੇ ਸੋਮਵਾਰ ਦੇਰ ਰਾਤ ਬਾਈਕ ਸਵਾਰ ਦੋ ਵਿਅਕਤੀਆਂ ਨੇ ਹਮਲਾ ਕਰ ਦਿੱਤਾ ਅਤੇ ਗੋਲੀਆਂ ਚਲਾ ਦਿੱਤੀਆਂ। ਹਾਲਾਂਕਿ ਇਸ ਘਟਨਾ ਚ ਤਿੰਨਾਂ ਦੀ ਜਾਨ ਬਚ ਗਈ। ਜਿਸ ਤੋਂ ਬਾਅਦ ਪੀੜਤ ਪਿਓ-ਪੁੱਤਾਂ ਨੇ ਇਸ ਸਬੰਧੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਅਤੇ ਕਾਰਵਾਈ ਕਰਨ ਦੀ ਮੰਗ ਕੀਤੀ।

ਥਾਣਾ ਸਦਰ ਅਧੀਨ ਪੈਂਦੀ ਚੌਂਕੀ ਚੌਂਕੀਮਾਨ ਦੇ ਇੰਚਾਰਜ ਸੁਖਮੰਦਰ ਸਿੰਘ ਨੇ ਦੱਸਿਆ ਕਿ ਜਸਵਿੰਦਰ ਸਿੰਘ ਵਾਸੀ ਰੂਮੀ ਨੇ ਪੁਲੀਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਏਕਤਾ ਵੈਲਫੇਅਰ ਟਰੱਸਟ ਨਾਂ ਦੀ ਸੰਸਥਾ ਚਲਾਉਂਦਾ ਹੈ। ਜਿਸ ਕਾਰਨ ਉਹ ਲੁਧਿਆਣਾ, ਮੋਗਾ ਅਤੇ ਜਗਰਾਓਂ ਦੇ ਵੱਖ-ਵੱਖ ਹਸਪਤਾਲਾਂ ਵਿੱਚ ਜਾ ਕੇ ਮਰੀਜ਼ਾਂ ਨੂੰ ਲੰਗਰ ਛਕਾਉਣ ਅਤੇ ਕਿਤਾਬਾਂ ਆਦਿ ਦੀ ਸੇਵਾ ਕਰਦੇ ਹਨ। ਹਰ ਰੋਜ਼ ਉਸ ਦੀਆਂ ਤਿੰਨ ਗੱਡੀਆਂ ਵੱਖ-ਵੱਖ ਸ਼ਹਿਰਾਂ ਦੇ ਹਸਪਤਾਲਾਂ ਨੂੰ ਜਾਂਦੀਆਂ ਹਨ। ਜਿਸ ਵਿੱਚ ਇੱਕ ਗੱਡੀ ਵਿੱਚ ਉਸਦਾ ਭਰਾ ਅਰਸ਼ਦੀਪ ਸਿੰਘ ਮੋਗਾ ਦੇ ਹਸਪਤਾਲਾਂ ਵਿੱਚ ਲੰਗਰ ਵਰਤਾਉਣ ਲਈ ਲੈ ਕੇ ਜਾਂਦਾ ਹੈ। ਦੂਜੀ ਗੱਡੀ ਵਿੱਚ ਪਿੰਡ ਭੰਮੀਪੁਰਾ ਜਗਰਾਉਂ ਦਾ ਵਸਨੀਕ ਅਮਰਜੀਤ ਸਿੰਘ ਹਸਪਤਾਲ ਜਾਂਦਾ ਹੈ ਅਤੇ ਤੀਜੀ ਗੱਡੀ ਵਿੱਚ ਉਹ ਖ਼ੁਦ ਲੁਧਿਆਣਾ ਦੇ ਹਸਪਤਾਲਾਂ ਵਿੱਚ ਲੰਗਰ ਛਕਾਉਂਦਾ ਹੈ।

ਉਹ ਦੇਰ ਸ਼ਾਮ ਹਸਪਤਾਲਾਂ ਵਿੱਚ ਲੰਗਰ ਛਕ ਕੇ ਵਾਪਸ ਪਰਤ ਰਹੇ ਸਨ। ਰਸਤੇ ਵਿਚ ਜਦੋਂ ਉਸ ਦੀ ਕਾਰ ਖਰਾਬ ਹੋ ਗਈ ਤਾਂ ਉਸ ਨੇ ਆਪਣੇ ਭਰਾ ਨੂੰ ਫੋਨ ਕਰਕੇ ਕਾਰ ਦੇ ਖਰਾਬ ਹੋਣ ਦੀ ਸੂਚਨਾ ਦਿੱਤੀ। ਜਿਸ ਤੋਂ ਬਾਅਦ



ਉਸਦਾ ਭਰਾ ਅਤੇ ਪਿਤਾ ਉਸਨੂੰ ਲੈਣ ਆਏ। ਉਹ ਖਰਾਬ ਹੋਈ ਕਾਰ ਨੂੰ ਠੀਕ ਕਰਵਾਉਣ ਲਈ ਮਕੈਨਿਕ ਕੋਲ ਛੱਡ ਗਏ। ਜਿਸ ਤੋਂ ਬਾਅਦ ਉਹ ਆਪਣੇ ਭਰਾ ਅਤੇ ਪਿਤਾ ਦੇ ਨਾਲ ਜਗਰਾਉਂ ਤੋਂ ਬੋਲੈਰੋ ਚ ਆਪਣੇ ਘਰ ਪਿੰਡ ਰੂਮੀ ਵੱਲ ਜਾਣ ਲੱਗਾ। ਜਦੋਂ ਉਹ ਰਾਤ ਕਰੀਬ 11 ਵਜੇ ਪਿੰਡ ਢੋਲਣ ਨੇੜੇ ਪਹੁੰਚਿਆ ਤਾਂ ਬਾਈਕ ਸਵਾਰ ਦੋ ਵਿਅਕਤੀਆਂ ਨੇ ਉਸ ਦੀ ਕਾਰ 'ਤੇ ਡਾਗਾਂ ਨਾਲ ਹਮਲਾ ਕਰ ਕੇ ਸ਼ੀਸ਼ਾ ਤੋੜ ਦਿੱਤਾ। ਇਸ ਤੋਂ ਬਾਅਦ ਮੁਲਜ਼ਮਾਂ ਨੇ ਬਾਈਕ ਨੂੰ ਕਾਰ ਤੋਂ ਥੋੜ੍ਹਾ ਅੱਗੇ ਲੈ ਕੇ ਉਨ੍ਹਾਂ ਦੀ ਕਾਰ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਦੋਂ ਉਸ ਨੇ ਆਪਣੀ ਕਾਰ ਰੋਕੀ ਤਾਂ ਹਮਲਾਵਰ ਰਾਏਕੋਟ ਵੱਲ ਭੱਜ ਗਏ। ਜਿਸ ਤੋਂ ਬਾਅਦ ਉਸ ਨੇ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ। ਗੋਲੀ ਚੱਲਣ ਦੀ ਸੂਚਨਾ ਮਿਲਦੇ ਹੀ ਪੁਲਿਸ ਵਿਭਾਗ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਪੁਲਸ ਅਧਿਕਾਰੀਆਂ ਨੇ ਤੁਰੰਤ ਮੌਕੇ ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ।

ਪੁਲੀਸ ਜਾਂਚ ਅਧਿਕਾਰੀ ਨੇ ਦੱਸਿਆ ਕਿ ਪੁਲੀਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਨਾਲ-ਨਾਲ ਘਟਨਾ ਵਾਲੀ ਥਾਂ ਅਤੇ ਰਾਏਕੋਟ ਰੋਡ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਵੀ ਜਾਂਚ ਕਰ ਰਹੀ ਹੈ। ਤਾਂ ਜੋ ਬਾਈਕ ਸਵਾਰ ਹਮਲਾਵਰਾਂ ਬਾਰੇ ਕੋਈ ਸੁਰਾਗ ਮਿਲ ਸਕੇ। ਉਹੀ ਪੁਲਿਸ ਜੀਮੇਲ ਦੇ ਆਈਪੀ ਐਡਰੈੱਸ ਦੀ ਵੀ ਜਾਂਚ ਕਰ ਰਹੀ ਹੈ। ਜਿਸ ਤੋਂ ਧਮਕੀਆਂ ਮਿਲਣ ਦੀ ਗੱਲ ਕਹੀ ਗਈ ਹੈ।

# ਪੰਜਾਬ ਪਬਲਿਕ ਸਰਵਿਸ ਕਮਿਸ਼ਨ ਨੇ ਸਹਾਇਕ ਟਾਊਨ ਪਲਾਨਰ ਦੀਆਂ ਅਸਾਮੀਆਂ ਦੇ ਨਤੀਜੇ ਐਲਾਨੇ



ਪਟਿਆਲਾ, (ਲੋਕ ਬਾਣੀ): ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਦੱਸਿਆ ਹੈ ਕਿ ਕਮਿਸ਼ਨ ਨੇ ਅੱਜ ਟਾਊਨ ਐਂਡ ਕੰਟਰੀ ਪਲੈਨਿੰਗ ਵਿਭਾਗ ਵਿੱਚ ਅਸਿਸਟੈਂਟ ਟਾਊਨ ਪਲਾਨਰ (ਗਰੁੱਪ ਏ) ਦੀਆਂ 19 ਅਸਾਮੀਆਂ ਲਈ ਅੰਤਿਮ ਨਤੀਜੇ ਦਾ ਐਲਾਨ ਕੀਤਾ ਹੈ। ਇਨ੍ਹਾਂ ਅਸਾਮੀਆਂ ਲਈ ਕੁੱਲ 251 ਉਮੀਦਵਾਰਾਂ ਨੇ ਅਪਲਾਈ ਕੀਤਾ ਸੀ, ਜਿਨ੍ਹਾਂ ਵਿੱਚੋਂ 22 ਉਮੀਦਵਾਰਾਂ ਨੂੰ ਇੰਟਰਵਿਊ ਪੜਾਅ ਲਈ ਸ਼ਾਰਟਲਿਸਟ ਕੀਤਾ ਗਿਆ ਹੈ। ਅੰਤਿਮ ਨਤੀਜੇ ਹੁਣ ਕਮਿਸ਼ਨ ਦੀ ਅਧਿਕਾਰਤ ਵੈੱਬਸਾਈਟ www.ppsc.gov.in ਤੇ ਅਪਲੋਡ ਕਰ ਦਿੱਤੇ ਗਏ ਹਨ।

ਪੀ.ਪੀ.ਐਸ.ਸੀ. ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਇਹ ਵੀ ਦੱਸਿਆ ਕਿ ਪ੍ਰਿੰਸੀਪਲ (ਕਾਲਜ ਕਾਡਰ), ਅਸਿਸਟੈਂਟ ਇਲੈਕਟ੍ਰੀਕਲ ਇੰਸਪੈਕਟਰ, ਮੈਡੀਕਲ ਲੈਬ ਟੈਕਨਾਲੋਜੀ ਦੇ ਲੈਕਚਰਾਰ ਅਤੇ ਯੋਜਨਾ ਅਫ਼ਸਰਾਂ ਸਮੇਤ ਕਈ ਹੋਰ ਅਸਾਮੀਆਂ ਲਈ ਇੰਟਰਵਿਊ ਦਾ ਸਮਾਂ ਜਲਦੀ ਹੀ ਕਮਿਸ਼ਨ ਦੀ ਵੈੱਬਸਾਈਟ ਤੇ ਅਪਲੋਡ ਕੀਤਾ ਜਾਵੇਗਾ।

# ਹਰਿਆਣਾ ਚ ਵਿਧਾਨਸਭਾ ਚੋਣ ਦੇ ਮੱਦੇਨਜਰ ਸਖਤ ਚੌਕਸੀ, 14 ਕਰੋੜ ਰੁਪਏ ਦੀ ਅਵੈਧ ਸ਼ਰਾਬ, ਨਸ਼ੀਲੇ ਪਦਾਰਥ, ਨਗਦੀ ਤੇ ਹੋਰ ਕੀਮਤੀ ਸਮਾਨ ਜਬਤ

ਚੰਡੀਗੜ੍ਹ(ਲੋਕ ਬਾਣੀ), - ਹਰਿਆਣਾ ਦੇ ਮੁੱਖ ਸਕੱਤਰ ਡਾ. ਟੀਵੀਐਸਐਨ ਪ੍ਰਸਾਦ ਨੇ ਅੱਜ ਹਰਿਆਣਾ ਵਿਧਾਨਸਭਾ ਦੇ ਆਮ ਚੋਣਾਂ ਦੇ ਮੱਦੇਨਜਰ ਚੋਣ ਕਮਿਸ਼ਨ ਵੱਲੋਂ ਗੁਆਂਢੀ ਸੂਬਿਆਂ ਦੇ ਨਾਲ ਚੋਣ ਨੂੰ ਲੈ ਕੇ ਇੰਟਰ-ਸਟੇਟ ਬੋਰਡ ਤੇ ਤਾਲਮੇਲ ਲਈ ਬੁਲਾਈ ਗਈ ਮੀਟਿੰਗ ਦੌਰਾਨ ਰਾਜ ਵਿਚ ਵਿਆਪਕ ਚੋਣ ਤਿਆਰੀਆਂ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਜਾਣਕਾਰੀ ਦਿੱਤੀ।\ ਮੀਟਿੰਗ ਦੌਰਾਨ ਡਾ. ਪ੍ਰਸਾਦ ਨੇ ਦਸਿਆ ਕਿ ਚੋਣ ਐਲਾਨ ਦੇ ਬਾਅਦ ਤੋਂ ਹੁਣ ਤਕ ਸੂਬੇ ਵਿਚ ਕੁੱਲ 14 ਕਰੋੜ ਰੁਪਏ ਦੀ ਅਵੈਧ ਸ਼ਰਾਬ, ਨਸ਼ੀਲੇ ਪਦਾਰਥ, ਨਗਦੀ ਤੇ ਕੀਮਤੀ ਵਸਤੂਆਂ ਜਬਤ ਕੀਤੀ ਗਈਆਂ ਹਨ। ਜਬਤ ਕੀਤੇ ਗਏ ਸਮਾਨ ਵਿਚ 10.45 ਲੱਖ ਰੁਪਏ ਦੀ ਨਗਦੀ, 2.44 ਲੱਖ ਲੀਟਰ ਸ਼ਰਾਬ, 436.55 ਲੱਖ ਰੁਪਏ ਦੀ 2,079 ਕਿਲੋ ਡਰੱਗਸ, 30.5 ਕਿਲੋ ਕੀਮਤੀ ਧਾਤੂ ਅਤੇ 134.98 ਲੱਖ ਰੁਪਏ ਮੂੱਲ ਦਾ ਹੋਰ ਕੀਮਤੀ ਸਮਾਨ ਜਬਤ ਕੀਤਾ ਹੈ।

ਮੁੱਖ ਸਕੱਤਰ ਨੇ ਦਸਿਆ ਕਿ ਕਾਨੂੰਨ ਵਿਵਸਥਾ ਨੂੰ ਹੋਰ ਮਜਬੂਤ ਬਨਾਉਣ ਲਈ ਪੂਰੇ ਸੂਬੇ ਵਿਚ 435 ਫਲਾਇੰਗ ਸਕੂਆਡ ਅਤੇ 377 ਸਟੇਟਿਕ ਸਰਵੀਲਾਂਸ ਟੀਮ (ਐਸਐਸਟੀ) ਗਠਨ ਕੀਤੀ ਗਈਆਂ ਹਨ। ਇਸ ਤੋਂ ਇਲਾਵਾ, ਅਵੈਧ ਪਦਾਰਥਾਂ, ਬਿਨ੍ਹਾਂ ਲਾਇਸੈਂਸ ਵਾਲੇ ਹਥਿਆਰਾਂ ਅਤੇ ਅਪਰਾਧਿਕ ਪ੍ਰਵਿਰਤੀ ਵਾਲੇ ਵਿਅਕਤੀਆਂ ਦੀ ਆਵਾਜਾਈ ਨੂੰ ਰੋਕਨ ਲਈ ਬੋਡਰ ਬਿੰਦੂਆਂ ਤੇ ਇੰਟਰ-ਸਟੇਟ ਨਾਕੇ ਸਥਾਪਿਤ ਕੀਤੇ ਗਏ ਹਨ। ਹਰਿਆਣਾ ਵਿਚ ਸ਼ਰਾਬ, ਡਰੱਗ ਅਤੇ ਹੋਰ ਅਵੈਧ ਵਸਤੂਆਂ ਦੀ ਤਸਕਰੀ ਨੂੰ ਰੋਕਨ ਲਈ ਵਾਧੂ 140 ਇੰਟਰ ਸਟੇਟ ਨਾਕੇ ਵੀ ਲਗਾਏ ਗਏ ਹਨ।



ਡਾ. ਪ੍ਰਸਾਦ ਨੇ ਦਸਿਆ ਕਿ ਹਰਿਆਣਾ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਸ਼ਾਂਤੀਪੂਰਨ ਅਤੇ ਪੂਰੀ ਤਰ੍ਹਾ ਨਾਲ ਕੰਟਰੋਲ ਵਿਚ ਹੈ। ਸੁਰੱਖਿਆ ਫੋਰਸਾਂ ਲਈ ਰਸਦ ਅਤੇ ਆਵਾਸ ਵਿਵਸਥਾ ਦੇ ਤਾਲਮੇਲ ਲਈ ਹਰੇਕ ਜਿਲ੍ਹੇ ਵਿਚ ਡੀਐਸਪੀ ਦੇ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਪੁਲਿਸ ਨੇ 96 ਬਿਨ੍ਹਾਂ ਲਾਇਸੈਂਸ ਵਾਲੇ ਹਥਿਆਰ ਅਤੇ 113 ਕਾਰਤੂਸ ਜਬਤ ਕੀਤੇ ਹਨ। ਇਸ ਤੋਂ ਇਲਾਵਾ, ਚੋਣ ਐਲਾਨ ਦੇ ਬਾਅਦ 176 ਐਲਾਨ ਅਪਰਾਧੀ, 129 ਬੇਲ ਜੰਪਰ, 210 ਵਾਰੰਟ ਵਾਲੇ ਵਿਅਕਤੀਆਂ ਨੂੰ ਗਿਰਫਤਾਰ ਕੀਤਾ ਗਿਆ ਹੈ।

ਡਾ. ਪ੍ਰਸਾਦ ਨੇ ਕਿਹਾ ਕਿ ਚੋਣ ਤੋਂ 48 ਘੰਟੇ ਪਹਿਲਾਂ ਕਿਸੇ ਵੀ ਅਣਅਥੋਰਾਇਜਡ ਵਿਅਕਤੀ ਨੂੰ ਹਰਿਆਣਾ ਵਿਚ ਰਹਿਣ ਦੀ ਮੰਜੂਰੀ ਨਹੀਂ ਦਿੱਤੀ ਜਾਵੇਗੀ, ਤਾਂ ਜੋ ਸੁਤੰਤਰ ਅਤੇ ਨਿਰਪੱਖ ਚੋਣ ਪ੍ਰਕ੍ਰਿਆ ਯਕੀਨੀ ਹੋ ਸਕੇ। ਉਨ੍ਹਾਂ ਨੇ ਦਸਿਆ ਕਿ ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਰਾਜਸਤਾਨ, ਦਿੱਲੀ, ਚੰਡੀਗੜ੍ਹ ਅਤੇ ਪੰਜਾਬ ਵਰਗੇ ਗੁਆਂਢੀ ਸੂਬਿਆਂ ਦੇ ਨਾਲ ਲਗਦੇ ਇੰਟਰ-ਸਟੇਟ ਬੋਡਰਾਂ ਤੇ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ 133 ਇੰਟਰ ਸਟੇਟ ਨਾਕੇ ਲਗਾਏ ਗਏ ਹਨ ਤਾਂ ਜੋ ਕੋਈ ਵੀ ਅਪਰਾਧਿਕ ਤੱਤ ਜਾਂ ਅਣਅਥੋਰਾਇਜਡ ਸਮੱਗਰੀ ਹਰਿਆਣਾ ਵਿਚ ਦਾਖਲ ਨਾ ਕਰ ਸਕਣ।

ਮੀਟਿੰਗ ਵਿਚ ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਪੰਕਜ ਅਗਰਵਾਲ, ਪੁਲਿਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ, ਵਧੀਕ ਮੁੱਖ ਚੋਣ ਅਧਿਕਾਰੀ ਹੇਮਾ ਸ਼ਰਮਾ, ਸੀਆਈਡੀ ਦੇ ਵਧੀਕ ਪੁਲਿਸ ਡਾਇਰੈਕਟਰ ਜਨਰਲ ਆਲੋਕ ਮਿੱਤਲ, ਆਬਕਾਰੀ ਅਤੇ ਕਰਾਧਾਨ ਕਮਿਸ਼ਨਰ ਅਸ਼ੋਕ ਮੀਣਾ ਅਤੇ ਪੁਲਿਸ ਤੇ ਆਬਕਾਰੀ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ।

# ਵਿਜੀਲੈਂਸ ਬਿਊਰੋ ਨੇ 5,000 ਦੀ ਰਿਸ਼ਵਤ ਲੈਂਦੇ ASI ਨੂੰ ਰੰਗੇ ਹੱਥੀਂ ਦਬੋਚਿਆ



ਚੰਡੀਗੜ੍ਹ, (ਲੋਕ ਬਾਣੀ) - ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਮੰਗਲਵਾਰ ਨੂੰ ਪੁਲਿਸ ਚੌਕੀ ਕਿਲੀ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਮਲਕੀਤ ਸਿੰਘ ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਿਸ ਮੁਲਾਜ਼ਮ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਿਲੀ ਨਿਹਾਲ ਸਿੰਘ ਵਾਲਾ ਦੇ ਹੀ ਵਸਨੀਕ ਮਨਦੀਪ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨਾਂ ਅੱਗੇ ਦੱਸਿਆ ਕਿ ਉਕਤ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਸਦੇ ਖਿਲਾਫ ਸਿੰਚਾਈ ਵਿਭਾਗ ਵੱਲੋਂ ਨਹਿਰੀ ਪਾਣੀ ਨੂੰ ਦੂਸ਼ਿਤ ਕਰਨ ਦੇ ਦੋਸ਼ ਹੇਠ ਉਕਤ ਪੁਲਿਸ ਚੌਕੀ ਵਿਖੇ ਸ਼ਿਕਾਇਤ ਦਰਜ ਕਰਵਾਈ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਉਕਤ ਏ.ਐਸ.ਆਈ ਨੇ ਇਸ ਸਬੰਧੀ ਉਸਦੇ ਹੱਕ ਵਿੱਚ ਰਿਪੋਰਟ ਪੇਸ਼ ਕਰਨ ਬਦਲੇ 5,000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਹੈ ਅਤੇ ਰਿਸ਼ਵਤ ਦੀ ਮੰਗ ਨੂੰ ਲੈ ਕੇ ਉਸਨੇ ਪੁਲਿਸ ਮੁਲਾਜ਼ਮ ਨਾਲ ਹੋਈ ਗੱਲਬਾਤ ਵੀ ਰਿਕਾਰਡ ਕੀਤੀ ਹੈ ਜੋ ਉਸਨੇ ਵਿਜੀਲੈਂਸ ਨੂੰ ਸੌਂਪ ਦਿੱਤੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਏਐਸਆਈ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਓਰੋ ਦੇ ਥਾਣਾ ਬਠਿੰਡਾ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਜਾਰੀ ਹੈ।

# ਬਹੁ-ਕਰੋੜੀ ਫੂਡ ਸਪਲਾਈ ਘਟਾਲੇ ਚ ਭਗੌੜੇ ਪਨਸਪ ਦਾ GM ਸਸਪੈਂਡ

ਚੰਡੀਗੜ੍ਹ:- (ਲੋਕ ਬਾਣੀ) ਪੰਜਾਬ ਦੇ ਫੂਡ ਸਪਲਾਈ ਵਿਭਾਗ ਦੇ ਟੈਂਡਰ ਘਟਾਲੇ ਮੁੱਖ ਸੂਤਰਧਾਰ ਸਮਝੇ ਗਏ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਜਿਸ ਨੂੰ ਵਿਜੀਲੈਂਸ ਬਿਊਰੋ ਵੱਲੋਂ ਗਿਰਫਤਾਰ ਕੀਤਾ ਗਿਆ ਸੀ ਤੇ ਇਸੇ ਮਾਮਲੇ ਵਿੱਚ ਹੀ ਨਾਮਜਦ ਪਨਸਪ ਦੇ ਜਨਰਲ ਮੈਨੇਜਰ ਜਗਨਦੀਪ ਸਿੰਘ ਢਿੱਲੋਂ ਨੂੰ ਪੰਜਾਬ ਸਰਕਾਰ ਵੱਲੋਂ ਆਖਰ ਸਸਪੈਂਡ ਕਰ ਦਿੱਤਾ ਗਿਆ ਹੈ। ਦੱਸਣ ਯੋਗ ਹੈ ਕਿ ਪਨਸੱਪ ਦੇ ਜਨਰਲ ਮੈਨੇਜਰ ਜਗਨਦੀਪ ਢਿੱਲੋਂ ਨੂੰ ਵਿਜੀਲੈਂਸ ਬਿਊਰੋ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸੂ ਵਿਰੁੱਧ ਟੈਂਡਰ ਘਟਾਲੇ ਵਿੱਚ ਭਾਵੇਂ ਨਾਮਜਦ ਕਰ ਲਿਆ ਗਿਆ ਸੀ ਪਰ ਜਗਨਦੀਪ ਢਿੱਲੋਂ ਨੇ ਸੱਤਾਧਾਰੀ ਧਰ ਦੇ ਕਈ ਆਗੂਆਂ ਦੀ ਸਿਆਸੀ ਪਨਾਹ ਲੈ ਕੇ ਜਿੱਥੇ ਬਿਜਲੀ ਬਿਊਰੋ ਨਾਲ ਲੁਕਨ ਮਿੱਟੀ ਹੀ ਨਹੀਂ ਖੇਡੀ ਸਗੋਂ ਅਦਾਲਤ ਨੂੰ ਵੀ ਗੁਮਰਾਹ ਕਰਕੇ ਪਨਸਪ ਦੀ ਤੱਤਕਾਲੀ ਐਮਡੀ ਤੇ ਉੱਚ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਵਿਭਾਗ ਵਿੱਚ ਨੌਕਰੀ ਕਰ ਰਿਹਾ ਸੀ ਤੇ ਸੰਗੀਨ ਮਾਮਲਾ ਦਰਜ ਹੋਣ ਤੋਂ ਬਾਅਦ ਵੀ ਪੂਰੀ ਤਨਖਾਹ ਲੈ ਰਿਹਾ ਸੀ। ਜਿਉਂ ਹੀ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਵਿਜੀਲੈਂਸ ਬਿਊਰੋ ਵੱਲੋਂ ਦਰਜ ਕੀਤੇ ਗਏ ਮੁਕਦਮੇ ਚ ਜਮਾਨਤ ਦੇ ਵਿੱਚ ਆਉਣ ਤੋਂ ਬਾਅਦ ਈਡੀ ਵੱਲੋਂ ਗਿਰਫਤਾਰ ਕੀਤਾ ਗਿਆ। ਤਾਂ ਵਿਜੀਲੈਂਸ ਬਿਊਰੋ ਨੇ ਵੀ ਲਗਾਤਾਰ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ। ਅਖੀਰ ਸੁਪਰੀਮ ਕੋਰਟ




ਚੋਂ ਜਗਨਦੀਪ ਢਿੱਲੋਂ ਦੀ ਜਮਾਨਤ ਅਰਜੀ ਖਾਰਜ ਕਰ ਦਿੱਤੀ ਗਈ ਜਿਸ ਕਾਰਨ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਜਾ ਰਹੀ ਲਗਾਤਾਰ ਪਨਸਪ ਦੇ ਦਫਤਰ ਚ ਛਾਪੇਮਾਰੀ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਜਗਨਦੀਪ ਢਿੱਲੋਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

# ਬਾਜਵਾ ਨੇ ਆਪ ਸਰਕਾਰ ਤੇ ਪੰਜਾਬ ਚ ਸਿਹਤ ਸੇਵਾਵਾਂ ਨਾਲ ਖਿਲਵਾੜ ਕਰਨ ਦਾ ਦੋਸ਼ ਲਾਇਆ

ਚੰਡੀਗੜ੍ਹ, (ਲੋਕ ਬਾਣੀ)- ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੰਗਲਵਾਰ ਨੂੰ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਤੇ ਸੂਬੇ ਵਿੱਚ ਸਿਹਤ ਸੇਵਾਵਾਂ ਨੂੰ ਬਰਬਾਦ ਕਰਨ ਲਈ ਤਿੱਖੀ ਆਲੋਚਨਾ ਕੀਤੀ, ਜਿਸ ਕਾਰਨ ਸਰਕਾਰੀ ਡਾਕਟਰਾਂ ਨੇ ਅਣਮਿਥੇ ਸਮੇਂ ਲਈ ਹੜਤਾਲ ਕੀਤੀ।



ਇੱਕ ਖ਼ਬਰ ਦਾ ਹਵਾਲਾ ਦਿੰਦਿਆਂ ਬਾਜਵਾ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ 59 ਫ਼ੀਸਦੀ ਮੈਡੀਕਲ ਅਫ਼ਸਰਾਂ ਅਤੇ 57 ਫ਼ੀਸਦੀ ਮਾਹਿਰ ਡਾਕਟਰਾਂ ਦੀ ਘਾਟ ਹੈ, ਜੋ ਸਿਹਤ ਸੇਵਾਵਾਂ ਨੂੰ ਪ੍ਰਭਾਵਿਤ ਕਰ ਰਹੇ ਹਨ, ਜਦੋਂ ਕਿ ਸੂਬਾ ਸਰਕਾਰ ਵਾਰ-ਵਾਰ ਸਿਹਤ ਅਤੇ ਸਿੱਖਿਆ ਨੂੰ ਆਪਣੀਆਂ ਤਰਜੀਹਾਂ ਵਜੋਂ ਦਾਅਵਾ ਕਰਦੀ ਹੈ। ਰਿਪੋਰਟ ਮੁਤਾਬਿਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਗ੍ਰਹਿ ਜ਼ਿਲ੍ਹੇ ਸੰਗਰੂਰ ਚ ਵੀ ਮੈਡੀਕਲ ਸਟਾਫ਼ ਦੀ ਭਾਰੀ ਕਮੀ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਚ ਬੈਠੀ ਆਪ ਦੀ ਸੀਨੀਅਰ ਲੀਡਰਸ਼ਿਪ ਨੂੰ ਖ਼ੁਸ਼ ਕਰਨ ਦੇ ਇੱਕੋ-ਇੱਕ ਮਕਸਦ ਨਾਲ ਪੰਜਾਬ ਚ ਆਪ ਸਰਕਾਰ ਨੇ ਸੂਬੇ ਚ ਸੁਚਾਰੂ ਢੰਗ ਨਾਲ ਚੱਲ ਰਹੀਆਂ ਸਿਹਤ ਸੇਵਾਵਾਂ ਨੂੰ ਤਬਾਹ ਕਰ ਦਿੱਤਾ। ਆਪ ਦਾ ਪ੍ਰਮੁੱਖ ਪ੍ਰੋਗਰਾਮ ਆਮ ਆਦਮੀ ਕਲੀਨਿਕ ਪੰਜਾਬ ਚ ਸਭ ਤੋਂ ਵੱਡੀ ਅਸਫਲਤਾ ਸਾਬਤ ਹੋਇਆ ਹੈ। ਬਾਜਵਾ ਨੇ ਕਿਹਾ ਕਿ ਮਾਹਿਰ ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ਼ ਦੀ ਭਰਤੀ ਕਰਨ ਦੀ ਬਜਾਏ ਆਪ ਸਰਕਾਰ ਪੁਰਾਣੀਆਂ ਇਮਾਰਤਾਂ ਦਾ ਸੁੰਦਰੀਕਰਨ ਕਰਨ ਚ ਲੱਗੀ ਹੋਈ ਹੈ।

ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿੱਚ ਵਿਸ਼ਵ ਪੱਧਰੀ ਸਹੂਲਤਾਂ ਵਾਲੇ ਨਵੇਂ ਸਰਕਾਰੀ ਹਸਪਤਾਲ ਬਣਾਉਣ ਦਾ ਵਾਅਦਾ ਕੀਤਾ ਸੀ। ਇਸ ਦੌਰਾਨ ਆਪ ਪਹਿਲਾਂ ਤੋਂ ਮੌਜੂਦ ਹਸਪਤਾਲਾਂ ਦੀ ਦੇਖਭਾਲ ਕਰਨ ਚ ਬੁਰੀ ਤਰ੍ਹਾਂ ਅਸਫਲ ਰਹੀ ਹੈ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਦੇ ਰਾਜ ਚ ਸੂਬੇ ਦੀ ਆਰਥਿਕਤਾ ਢਹਿ-ਢੇਰੀ ਹੋਣ ਦੀ ਕਗਾਰ ਤੇ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਢਾਈ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਵਪਾਰੀ ਵਰਗ, ਸਰਕਾਰੀ ਮੁਲਾਜ਼ਮਾਂ, ਕਿਸਾਨਾਂ ਅਤੇ ਮਜ਼ਦੂਰਾਂ ਸਮੇਤ ਸਮਾਜ ਦੇ ਸਾਰੇ ਵਰਗਾਂ ਦੀ ਅਗਵਾਈ ਕੀਤੀ ਹੈ। ਬਾਜਵਾ ਨੇ ਕਿਹਾ ਕਿ ਲੋਕ ਆਪ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਡਟੇ ਹੋਏ ਹਨ।

# ਮਲੇਰਕੋਟਲਾ ਪੁਲਸ ਦਾ ਸ਼ਲਾਘਾਯੋਗ ਉਪਰਾਲਾ, ਡੇ-ਨਾਈਟ ਫੁੱਟਬਾਲ ਟੂਰਨਾਮੈਂਟ ਯਾਦਗਾਰੀ ਹੋ ਨਿਬੜਿਆ, ਯੂਨਾਈਟਡ ਕਲੱਬ ਨੇ ਮਲੇਰਕੋਟਲਾ ਨੂੰ 2-1 ਨਾਲ ਹਰਾਇਆ



ਮਲੇਰਕੋਟਲਾ, ( ਕਿੰਮੀ ਅਰੋੜਾ ): ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ ਅਨੁਸਾਰ, ਡੀਜੀਪੀ ਪੰਜਾਬ ਸ੍ਰੀ ਗੌਰਵ ਯਾਦਵ ਦੀ ਰਹਿਨੁਮਾਈ ਚ ਪੰਜਾਬ ਭਰ ਵਿੱਚ ਪੁਲਸ ਵੱਲੋਂ ਖੇਡਾਂ ਕਰਵਾਕੇ ਨੌਜਵਾਨਾਂ ਨੂੰ ਨਸ਼ੇ ਤਿਆਗਕੇ ਖੇਡਾਂ ਵੱਲ ਆਕਰਸ਼ਤ ਕਰਨ ਲਈ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ । ਇਸੇ ਲੜੀ ਤਹਿਤ ਜ਼ਿਲ੍ਹਾ ਪੁਲਸ ਮਲੇਰਕੋਟਲਾ ਵੱਲੋਂ ਡੇ-ਨਾਈਟ ਫੁੱਟਬਾਲ ਟੂਰਨਾਮੈਂਟ ਕਰਵਾਕੇ ਸਮੁੱਚੇ ਪੰਜਾਬ ਚੋਂ ਮੋਹਰੀ ਭੂਮਿਕਾ ਨਿਭਾਈ ਜਿਸ ਦਾ ਸਮੁੱਚਾ ਪ੍ਰਬੰਧ ਐਸ.ਐਸ.ਪੀ. ਮਲੇਰਕੋਟਲਾ ਉਲੰਪੀਅਨ ਗਗਨ ਅਜੀਤ ਸਿੰਘ ਦੀ ਸਰਪ੍ਰਸਤੀ ਚ ਅਲ ਕੌਸਰ ਫੁੱਟਬਾਲ ਅਕੈਡਮੀ ਦੇ ਪ੍ਰਬੰਧਕਾਂ ਮੁਹੰਮਦ ਨਜ਼ੀਰ (ਪੰਜਾਬ ਪੁਲਸ), ਮੁਹੰਮਦ ਸ਼ਰੀਫ (ਸਾਬਕਾ ਇੰਡੀਅਨ ਏਅਰ ਫੋਰਸ ਅਧਿਕਾਰੀ), ਮੁਹੰਮਦ ਅਸ਼ਰਫ (ਮਿਲਨ ਪੈਲੇਸ), ਅਬਦੁਲ ਸ਼ਮੀਮ (ਪੰਜਾਬ ਪੁਲਸ) ਅਤੇ ਮੁਹੰਮਦ ਸ਼ਮਸ਼ਾਦ (ਖੁਸ਼ੀ ਜ਼ਿਊਲਰਜ਼) ਵੱਲੋਂ ਕੀਤਾ ਗਿਆ । ਦੋ ਦਿਨਾਂ ਫੁੱਟਬਾਲ ਟੂਰਨਾਮੈਂਟ ਵਿੱਚ ਹਜ਼ਾਰਾਂ ਦੀ ਗਿਣਤੀ ਚ ਖੇਡ ਪ੍ਰੇਮੀਆਂ ਨੇ ਫੁੱਟਬਾਲ ਮੈਚਾਂ ਦਾ ਆਨੰਦ ਰਾਤ 12 ਵਜੇ ਤੱਕ ਮਾਣਿਆ । ਫਲੱਡ ਲਾਈਟਾਂ ਨਾਲ ਕਿਲਾ ਰਹਿਮਤਗੜ੍ਹ ਦਾ ਮਿਨੀ ਸਟੇਡਿਅਮ ਜਗ-ਮਗ ਕਰ ਰਿਹਾ ਸੀ ।ਇਸ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਦੇ ਫਾਈਨਲ ਮੈਚ ਚ ਮੁੱਖ ਮਹਿਮਾਨ ਵਜੋਂ ਡੀ.ਆਈ.ਜੀ. (ਪਟਿਆਲਾ ਰੇਂਜ) ਹਰਚਰਨ ਸਿੰਘ ਭੁੱਲਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ । ਯੂਨਾਈਟਡ ਫੁੱਟਬਾਲ ਕਲੱਬ ਅਤੇ ਮਲੇਰਕੋਟਲਾ ਫੁੱਟਬਾਲ ਕਲੱਬ ਦੇ ਫਾਇਨਲ ਮੈਚ ਦੇਖਣ ਲਈ ਹਜ਼ਾਰਾਂ ਦੀ ਗਿਣਤੀ ਚ ਜ਼ਿਲ੍ਹੇ ਭਰ ਵਿੱਚੋਂ ਖੇਡ ਪ੍ਰੇਮੀਆਂ ਦੀ ਇਕੱਤਰਤਾ ਹੋਈ ਇਸ ਰੌਚਕ ਮੈਚ ਵਿੱਚ ਯੂਨਾਈਟਡ ਕਲੱਬ ਨੇ ਮਲੇਰਕੋਟਲਾ ਕਲੱਬ ਨੂੰ 2-1 ਨਾਲ ਹਰਾਇਆ । ਇਸ ਮੌਕੇ ਸ. ਭੁੱਲਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨ ਸਾਡੇ ਦੇਸ਼ ਦਾ ਭਵਿੱਖ ਹਨ । ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ ਕਿ ਦੇਸ਼ ਦੇ ਭਵਿੱਖ ਨੂੰ ਨਸ਼ੇ ਦੀ ਦਲਦਲ ਵਿੱਚੋਂ ਕੱਢਕੇ ਖੇਡਾਂ ਦੇ ਮਾਧਿਅਮ ਰਾਹੀਂ ਚੰਗੀ ਸੇਧ ਦਿੱਤੀ ਜਾਵੇ ਕਿਉਂਕਿ ਇੱਕ ਤੰਦਰੁਸਤ ਸਰੀਰ ਵਿੱਚ ਹੀ ਸਵਸਥ ਮਨ ਦਾ ਨਿਵਾਸ ਹੁੰਦਾ ਹੈ । ਉਹਨਾਂ ਐਸ.ਐਸ.ਪੀ. ਮਲੇਰਕੋਟਲਾ ਗਗਨ ਅਜੀਤ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਲੇਰਕੋਟਲਾ ਪੁਲਸ ਦਾ ਅੱਜ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਅਤੇ ਅਜਿਹੇ ਪ੍ਰੋਗਰਾਮ ਹਰ ਸਾਲ ਕਰਵਾਉਣੇ ਚਾਹੀਦੇ ਹਨ । ਇਸ ਸ਼ਾਨਮੱਤੇ ਟੂਰਨਮੈਂਟ ਨੂੰ ਸਫਲ ਬਣਾਉਣ ਲਈ ਐਸ.ਪੀ. ਗੁਰਸ਼ਰਨ ਕੌਰ ਕੌਮਾਂਤਰੀ ਐਥਲੀਟ, ਡੀ.ਐਸ.ਪੀ. ਮਲੇਰਕੋਟਲਾ ਕੁਲਦੀਪ ਸਿੰਘ, ਡੀਐਸਪੀ ਅਹਿਮਦਗੜ੍ਹ, ਡੀਐਸਪੀ ਹਰਵਿੰਦਰ ਸਿੰਘ ਖਹਿਰਾ, ਐਸਐਚਓ ਮਲੇਰਕੋਟਲਾ ਸਿਟੀ 1 ਅਤੇ 2, ਐਸਐਚਓ ਅਮਰਗੜ੍ਹ, ਐਸਐਚਓ ਅਹਿਮਦਗੜ੍ਹ, ਐਸਐਚਓ ਸੰਦੌੜ ਅਤੇ ਸਮੁੱਚੀ ਪੁਲਸ ਟੀਮ ਨੇ ਪੂਰੀ ਤਨਦੇਹੀ ਨਾਲ ਸਹਿਯੋਗ ਕੀਤਾ ।

ਰੋਜ਼ਾਨਾ ਲੋਕ ਬਾਣੀ www.lokbani

# ਗੌਰਮਿੰਟ ਡੀ.ਪੀ.ਈ./ਲੈਕਚਰਾਰ ਯੂਨੀਅਨ ਦੀ ਇਕੱਤਰਤਾ ਚ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਸਮੱਸਿਆਵਾਂ ਸਬੰਧੀ ਚਰਚਾ



ਮਾਨਸਾ, (ਲੋਕ ਬਾਣੀ) : ਗੌਰਮਿੰਟ ਡੀ.ਪੀ.ਈ./ ਲੈਕਚਰਾਰ ਯੂਨੀਅਨ ਪੰਜਾਬ ਵੱਲੋਂ ਜਥੇਬੰਦੀ ਦੇ ਸੂਬਾ ਸਰਪ੍ਰਸਤ ਸਿਕੰਦਰ ਸਿੰਘ ਮਾਨਸਾ ਦੀ ਅਗਵਾਈ ਹੇਠ ਇੱਥੇ ਬਾਲ ਭਵਨ ਵਿੱਚ ਇਕੱਤਰਤਾ ਕਰਕੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਸਮੱਸਿਆਵਾਂ ਸਬੰਧੀ ਚਰਚਾ ਕੀਤੀ ਗਈ ਅਤੇ ਸਰੀਰਕ ਸਿੱਖਿਆ ਵਿਸ਼ੇ ਨੂੰ ਲਾਜ਼ਮੀ ਵਿਸ਼ਾ ਬਣਾਉਣ ਦੀ ਮੰਗ ਕੀਤੀ ਗਈ। ਜਥੇਬੰਦੀ ਆਗੂਆਂ ਨੇ ਆਪਣੇ ਸੰਬੋਧਨ ਦੌਰਾਨ ਮੰਗ ਕੀਤੀ ਕਿ ਸਰੀਰਕ ਸਿੱਖਿਆ ਵਿਸ਼ੇ ਨੂੰ ਦਸਵੀਂ ਜਮਾਤ ਤੱਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ ਅਤੇ ਛੇਵੀਂ ਜਮਾਤ ਤੋਂ ਅੱਠਵੀਂ ਜਮਾਤ ਤੱਕ ਸਰੀਰਕ ਸਿੱਖਿਆ ਵਿਸ਼ੇ ਦੇ ਛੇ-ਛੇ ਪੀਰੀਅਡ ਕੀਤੇ ਜਾਣ। ਆਗੂਆਂ ਨੇ ਕਿਹਾ ਕਿ ਪੰਜਾਬੀ ਅਤੇ ਅੰਗਰੇਜ਼ੀ ਵਿਸ਼ੇ ਤੋਂ ਬਾਅਦ ਵਿਦਿਆਰਥੀ ਸਭ ਤੋਂ ਵੱਧ ਤਰਜੀਹ ਸਰੀਰਕ ਸਿੱਖਿਆ ਵਿਸ਼ੇ ਨੂੰ ਦਿੰਦੇ ਹਨ, ਪਰ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਰੀਰਕ ਸਿੱਖਿਆ ਲੈਕਚਰਾਰਾਂ ਦੀਆਂ ਅਸਾਮੀਆਂ ਬਹੁਤ ਘੱਟ ਹਨ, ਇਸ ਲਈ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਰੀਰਕ ਸਿੱਖਿਆ ਲੈਕਚਰਾਰਾਂ ਦੀਆਂ ਅਸਾਮੀਆਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਵੇ। ਆਗੂਆਂ ਨੇ ਮੰਗ ਕੀਤੀ ਕਿ ਡੀਪੀਈ ਅਧਿਆਪਕਾਂ ਨੂੰ ਬਦਲੀ ਕਰਵਾਉਣ ਲਈ ਵਿਸ਼ੇਸ਼ ਮੌਕਾ ਦੇ ਕੇ ਡੀਪੀਈ ਅਧਿਆਪਕਾਂ ਦੀਆਂ ਪ੍ਰਵਾਨਿਤ ਅਸਾਮੀਆਂ ਵਾਲੇ ਸਾਰੇ ਸਟੇਸ਼ਨ ਬਦਲੀ ਲਈ ਪੋਰਟਲ ਤੇ ਖੋਲ੍ਹੇ ਜਾਣ। ਇਸ ਮੌਕੇ ਜਥੇਬੰਦੀ ਦੇ ਸਰਪ੍ਰਸਤ ਸਿਕੰਦਰ ਸਿੰਘ ਮਾਨਸਾ, ਸੂਬਾ ਪ੍ਰਧਾਨ ਗੁਰਦੀਪ ਸਿੰਘ ਬੁਰਜ ਹਰੀ, ਨਛੱਤਰ ਸਿੰਘ, ਕੁਲਵਿੰਦਰ ਸਿੰਘ, ਭਰਤ ਰਾਮ, ਗੁਰਵਿੰਦਰ ਸਿੰਘ, ਕਿਰਨਪਾਲ ਸਿੰਘ, ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਜਗਦੀਪ ਸਿੰਘ, ਰਾਜਵੀਰ ਸਿੰਘ, ਜਸਪ੍ਰੀਤ ਸਿੰਘ ਨੇ ਵੀ ਸੰਬੋਧਨ ਕੀਤਾ।

ਰੋਜ਼ਾਨਾ ਲੋਕ ਬਾਣੀ www.lokbani

# ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ 38 ਬੈਸਟ ਅਧਿਆਪਕਾਂ ਨੂੰ ਸੌਂਪੇ ਪ੍ਰਸ਼ੰਸਾ ਪੱਤਰ



ਦੀਨਾਨਗਰ , (ਡਾ.ਰਮੇਸ਼ ਸਰੰਗਲ ) ਜਿਲ੍ਹਾ ਸਿਖਿਆ ਅਫਸਰ ਐਲੀਮੈਂਟਰੀ ਸ਼੍ਰੀ ਮਤੀ ਕਮਲਜੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਜਿਲੇ ਦੇ ਅਧਿਆਪਕ ਸਨਮਾਨ ਸਮਾਗਮ ਦੌਰਾਨ 38 ਬੇਸਟ ਅਧਿਆਪਕਾਂ ਨੂੰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵਲੋਂ ਪ੍ਰਸੰਸਾ ਪੱਤਰ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਬੇਸਟ ਅਧਿਆਪਕ ਦਾ ਸਨਮਾਨ ਪ੍ਰਾਪਤ ਕਰਨ ਵਾਲੇ ਬਲਾਕ ਨਰੋਟ ਜੈਮਲ ਸਿੰਘ ਦੇ ਸਰਕਾਰੀ ਪ੍ਰਾਇਮਰੀ ਸਕੂਲ ਕਥਲੌਰ ਮੁੰਡੇ ਦੇ ਅਧਿਆਪਕ ਰੋਹਿਤ ਸ਼ਰਮਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਮਾਨ ਸਨਮਾਨ ਲਈ ਉਹ ਸਿਖਿਆ ਵਿਭਾਗ ਦੇ ਸਮੂਹ ਅਧਿਕਾਰੀਆਂ ਦੇ ਨਾਲ ਨਾਲ ਹੀ ਬਲਾਕ ਨਰੋਟ ਜੈਮਲ ਸਿੰਘ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ੍ਰੀ ਪੰਕਜ ਅਰੋੜਾ, ਸੀਨੀਅਰ ਸਹਾਇਕ ਨਰੇਸ਼ ਕੁਮਾਰ ਅਤੇ ਆਪਣੇ ਸਕੂਲ ਦੇ ਹੈੱਡ ਟੀਚਰ ਅਜੇ ਮਹਾਜਨ ਦੇ ਧੰਨਵਾਦੀ ਹਨ ਕਿ ਜਿਹਨਾਂ ਦੀ ਯੋਗ ਅਗਵਾਈ ਅਤੇ ਸਹਿਯੋਗ ਸਦਕਾ ਵਿਭਾਗ ਵਲੋਂ ਉਨ੍ਹਾਂ ਨੂੰ ਇਹ ਮਾਣ ਹਾਸਲ ਹੋਇਆ ਹੈ। ਇਸ ਮੌਕੇ ਤੇ ਰੋਹਿਤ ਸ਼ਰਮਾ ਨੇ ਕਿਹਾ ਕਿ ਸਿਖਿਆ ਵਿਭਾਗ ਵਲੋਂ ਉਨ੍ਹਾਂ ਨੂੰ ਜੋ ਮਾਣ ਦਿੱਤਾ ਗਿਆ ਹੈ ਉਸ ਲਈ ਉਹ ਪੂਰੀ ਤਨਦੇਹੀ ਨਾਲ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਧੰਨਵਾਦੀ ਹਨ ਅਤੇ ਉਹ ਪੂਰੀ ਕੋਸ਼ਿਸ਼ ਕਰਨਗੇ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਪੂਰੀ ਕਰਦੇ ਹੋਏ ਸਰਕਾਰੀ ਪ੍ਰਾਇਮਰੀ ਸਕੂਲ ਕਥਲੌਰ ਮੁੰਡੇ ਦੇ ਸਰਵਪੱਖੀ ਵਿਕਾਸ ਅਤੇ ਸਕੂਲ ਵਿਚ ਪੜਦੇ ਬੱਚਿਆਂ ਬਿਹਤਰੀ ਲਈ ਹੋਰ ਵੀ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ। ਦੂਜੇ ਪਾਸੇ ਸਕੂਲ ਦੇ ਹੈੱਡ ਟੀਚਰ ਅਜੇ ਮਹਾਜਨ ਨੇ ਦੱਸਿਆ ਕਿ ਰੋਹਿਤ ਸ਼ਰਮਾ ਨੂੰ ਸਿਖਿਆ ਵਿਭਾਗ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸ਼੍ਰੀ ਲਾਲ ਚੰਦ ਕਟਾਰੂਚੱਕ ਵਲੋਂ ਪ੍ਰਸੰਸਾ ਪੱਤਰ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ ਹੈ ਉਹ ਰੋਹਿਤ ਸ਼ਰਮਾ ਵਲੋਂ ਸਕੂਲ ਅਤੇ ਸਕੂਲ ਵਿਚ ਪੜ੍ਹਨ ਵਾਲੇ ਬੱਚਿਆਂ ਦੀ ਬਿਹਤਰੀ ਲਈ ਕੀਤੇ ਗਏ ਕੰਮਾਂ ਕਾਰਨ ਦਿੱਤਾ ਗਿਆ ਹੈ ਇਸ ਕਰਕੇ ਸਕੂਲ ਆਉਣ ਤੇ ਸਕੂਲ ਸਟਾਫ ਦੇ ਸਮੂਹ ਮੈਂਬਰਾਂ ਵੱਲੋਂ ਉਨ੍ਹਾਂ ਦਾ ਹਾਰਦਿਕ ਸਵਾਗਤ ਕੀਤਾ ਅਤੇ ਨਾਲ ਹੀ ਇਸ ਪ੍ਰਾਪਤੀ ਲਈ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਮੌਕੇ ਤੇ ਊਸ਼ਾ ਮੈਡਮ ਸਨੇਹ ਠਾਕੁਰ ਟੀਨਾ ਮੈਡਮ, ਰੂਚੀ ਮਹਾਜਨ ਅਤੇ ਸੁਦੇਸ਼ ਕੁਮਾਰੀ ਵੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਅਲਾਇੰਸ ਕਲੱਬ ਵਲੋਂ ਵਾਤਾਵਰਣ ਦੀ ਸੰਭਾਲ ਲਈ ਵੱਖ-ਵੱਖ ਥਾਵਾਂ ਤੇ ਲਗਾਏ ਬੂਟੇ



ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਅਲਾਇੰਸ ਕਲੱਬ ਚੱਕ-ਅਗੰਮਪੁਰ ਵਲੋਂ ਵਾਤਾਵਰਣ ਦੀ ਸੰਭਾਲ ਲਈ ਪਿੰਡ ਹੋਲਗੜ੍ਹ ਦੇ ਪਾਰਕ ਤੋਂ ਇਲਾਵਾ ਸੜਕਾਂ ਦੇ ਕਿਨਾਰਿਆਂ ਤੇ ਵੱਖ-ਵੱਖ ਤਰ੍ਹਾਂ ਦੇ ਛਾਂਦਾਰ ਅਤੇ ਫ਼ਲਦਾਰ ਬੂਟੇ ਲਗਾਏ ਗਏ। ਇਸ ਮੌਕੇ ਡਾਕਟਰ ਹਰਦਿਆਲ ਸਿੰਘ ਪੰਨੂੰ ਸਾਬਕਾ ਜਿਲ੍ਹਾ ਗਵਰਨਰ ਅਲਾਇੰਸ ਕਲੱਬ ਇੰਟਰਨੈਸ਼ਨਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਮੌਕੇ ਡਾ. ਪੰਨੂ ਨੇ ਕਿਹਾ ਕਿ ਅਕਾਲ ਪੁਰਖ ਦੀ ਸਾਜੀ ਹੋਈ ਇਸ ਪਿਆਰੀ ਕੁਦਰਤ ਦੀ ਸੰਭਾਲ ਕਰਨੀ ਸਾਡੇ ਸਾਰਿਆਂ ਦਾ ਪਰਮ ਕਰਤਵ ਹੈ। ਉਹਨਾਂ ਕਿਹਾ ਕਿ ਆਪਣੇ ਆਲੇ ਦੁਆਲੇ ਵਿੱਚ ਦਰਖਤਾਂ ਦੇ ਕਟਾਈ ਰੋਕੀਏ ਅਤੇ ਨਵੇਂ ਦਰਖਤ ਲਗਾਈਏ। ਆਪਣੇ ਕੁਦਰਤੀ ਸੋਮਿਆਂ ਨਦੀਆਂ, ਝਰਨਿਆਂ ਅਤੇ ਚਸ਼ਮੀਆਂ ਦੇ ਸ਼ੀਤਲ ਜਲ ਨੂੰ ਗੰਦਾ ਹੋਣ ਤੋਂ ਬਚਾਈਏ। ਇਹਨਾਂ ਅਨਮੋਲ ਦਾਤਾਂ ਦੀ ਸੰਭਾਲ ਕਰਨੀ ਸਾਡਾ ਸਾਰਿਆਂ ਦਾ ਫਰਜ਼ ਹੈ। ਇਸ ਸਬੰਧੀ ਆਪ ਵੀ ਸੁਚੇਤ ਹੋਈਏ ਤੇ ਆਪਣੀ ਪੀੜੀ ਨੂੰ ਵੀ ਸੁਚੇਤ ਕਰੀਏ।

ਇਸ ਮੌਕੇ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ, ਵਾਇਸ ਪ੍ਰਧਾਨ ਆਤਮਾ ਸਿੰਘ, ਅਲਾਇੰਸ ਕਲੱਬ ਚੱਕ-ਅਗੰਮਪੁਰ ਦੇ ਪ੍ਰਧਾਨ ਇਕਬਾਲ ਸਿੰਘ, ਸਾਬਕਾ ਜਿਲ੍ਹਾ ਕੈਬਨਿਟ ਸਕਤਰ ਪ੍ਰਿੰਸੀਪਲ ਨਿਰੰਜਨ ਸਿੰਘ ਰਾਣਾ, ਬਲਮ ਸਿੰਘ, ਜਗਤਾਰ ਸਿੰਘ ਸਾਂਘਾ, ਅਮਰਜੀਤ ਸਿੰਘ, ਇੰਜੀ ਰਜਿੰਦਰ ਸਿੰਘ, ਕਮਲਦੀਪ ਸਿੰਘ, ਸੁਖਦੇਵ ਸਿੰਘ, ਜਸਕਰਨ ਸਿੰਘ, ਪ੍ਰਭਸਿਮਰਨ ਸਿੰਘ ਆਦਿ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਬਰਨਾਲਾ ਦੀ ਜ਼ਿਮਨੀ ਚੋਣ ਨੂੰ ਲੈਕੇ ਕਾਂਗਰਸ ਵਰਕਰ ਹੋਏ ਇੱਕਜੁੱਟ, ਬਲਾਕ ਸ਼ੇਰਪੁਰ ਚ ਹੋਈ ਮੀਟੰਗ

## ਪਾਰਟੀ ਵਰਕਰ ਜਿਮਨੀ ਚੋਣ ਜਿੱਤ ਲਈ ਲਾਉਣਗੇ ਅੱਡੀ ਚੋਟੀ ਦਾ ਜ਼ੋਰ : ਢਿੱਲੋਂ

ਸ਼ੇਰਪੁਰ, ( ਸੱਤਪਾਲ ਸਿੰਘ ਕਾਲਾਬੂਲਾ ) - ਕਾਂਗਰਸ ਕਮੇਟੀ ਬਲਾਕ ਸ਼ੇਰਪੁਰ ਦੀ ਅਹਿਮ ਮੀਟੰਗ ਜ਼ਿਲਾਂ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋ ਦੀ ਪ੍ਰਧਾਨਗੀ ਹੇਠ ਸੀਨੀਅਰ ਆਗੂ ਬਹਾਦਰ ਸਿੰਘ ਢੰਡਾ ਸਾਬਕਾ ਪੰਚ ਸ਼ੇਰਪੁਰ ਦੇ ਗ੍ਰਹਿ ਵਿਖੇ ਹੋਈ। ਬਲਾਕ ਪ੍ਰਧਾਨ ਜਸਮੇਲ ਸਿੰਘ ਬੜੀ ਨੇ ਦੱਸਿਆ ਕਿ ਪੀ ਪੀ ਸੀ ਸੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਰਨਾਲਾ ਜਿਮਨੀ ਚੋਣ ਦੇ ਮੱਦੇਨਜ਼ਰ ਅੱਜ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ ਹੈ ਜਿਸ ਦੌਰਾਨ ਚੋਣਾਂ ਸੰਬੰਧੀ ਰਣਨੀਤੀ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਸੀਨੀਅਰ ਆਗੂ ਜਥੇਦਾਰ ਕਰਮਜੀਤ ਸਿੰਘ ਬਿੱਲੂ , ਭੁਪਿੰਦਰ ਸਿੰਘ ਜਲੂਰ , ਰਣਜੀਤ ਸਿੰਘ ਧਾਲੀਵਾਲ ਸਰਪੰਚ, ਕ੍ਰਿਸ਼ਨ ਕੁਮਾਰ ਸਿੰਗਲਾ , ਜਗਰੂਪ ਸਿੰਘ ਮਾਹਮਦਪੁਰ , ਇੰਸ ਪਿਆਰਾ ਸਿੰਘ ਮਾਹਮਦਪੁਰ , ਬਹਾਦਰ ਸਿੰਘ ਢੰਡਾ ਸ਼ੇਰਪੁਰ ਨੇ ਪਾਰਟੀ ਪ੍ਰਧਾਨ ਰਾਜਾ ਵੜਿੰਗ ਨੂੰ ਜ਼ਿਲਾਂ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋ ਵੱਲੋਂ ਪਾਰਟੀ ਪ੍ਰਤੀ ਨਿਭਾਈ ਜਾਂ ਰਹੀ ਜਿੰਮੇਵਾਰੀ ਨੂੰ ਦੇਖਦਿਆਂ ਹੋਇਆਂ ਉਨਾਂ ਨੂੰ ਬਰਨਾਲਾ ਜਿਮਨੀ ਚੋਣ ਪਿੜ ਵਿੱਚ ਉਤਾਰਨ ਦਾ ਐਲਾਨ ਕਰਨ ਦੀ ਅਪੀਲ ਕੀਤੀ । ਇਸ ਮੌਕੇ ਕਾਲਾ ਢਿੱਲੋ ਨੇ ਕਿਹਾ ਕਿ ਸਾਥੀਆਂ ਦੇ ਜੋਸ਼ ਅਤੇ ਜਜ਼ਬੇ ਨੇ ਇਹ ਸਪਸ਼ਟ ਕਰ ਦਿੱਤਾ ਕਿ ਪਾਰਟੀ ਦੇ ਆਗੂ ਅਤੇ ਵਰਕਰ ਸਾਹਿਬਾਨ ਬਰਨਾਲੇ ਹਲਕੇ ਦੀ ਜਿਮਨੀ ਚੋਣਾਂ ਵਿੱਚ ਵੱਡੀ ਜਿੱਤ ਹਾਸਿਲ ਕਰਨ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਆਪ ਦੀ ਸਰਕਾਰ ਨੂੰ ਲੋਕਾਂ ਨੇ ਸਿਰੇ ਤੋਂ ਨਕਾਰ ਦਿੱਤਾ ਹੈ ਅਤੇ ਕਾਂਗਰਸ ਪਾਰਟੀ ਲੋਕਾਂ ਦੀ ਚਹੇਤੀ ਪਾਰਟੀ ਬਣ ਕੇ ਉਭਰ ਰਹੀ ਹੈ। ਇਸ ਮੌਕੇ ਅਮਰਜੀਤ ਸਿੰਘ ਹੇੜੀਕੇ, ਚਮਕੌਰ ਸਿੰਘ ਭੋਲਾ ਟਿੱਬਾ , ਜਗਤਾਰ ਸਿੰਘ , ਅਵਤਾਰ ਸਿੰਘ, ਅਮਨਦੀਪ ਸਿੰਘ ਬਦੇਸ਼ਾਂ , ਰੁਲਦਾ ਸਿੰਘ ਸਲੇਮਪੁਰ , ਮੱਘਰ ਸਿੰਘ, ਭੋਲਾ ਸਿੰਘ ਪੰਜਗਰਾਈਆਂ, ਕਰਨੈਲ ਸਿੰਘ , ਬਹਾਦਰ ਸਿੰਘ ਸ਼ੇਰਪੁਰ , ਪਿਆਰਾ ਸਿੰਘ ਪੰਜਗਰਾਈਆਂ , ਜਗਸੀਰ ਸਿੰਘ ਗੁਰਬਖਸ਼ਪੁਰਾ , ਹਾਕਮ ਸਿੰਘ ਸਰਪੰਚ ਗੁਰਬਖਸ਼ਪੁਰਾ , ਗੁਰਨਾਮ ਸਿੰਘ ਪੱਤੀ ਖਲੀਲ , ਹਰਪ੍ਰੀਤ ਸਿੰਘ ,ਗੁਰਜੰਟ ਸਿੰਘ ਟਿੱਬਾ , ਹਰਬੰਸ ਲਾਲ ਟਿੱਬਾ , ਬਲਵਿੰਦਰ ਸਿੰਘ ਬੰਟੀ





ਅਲੀਪੁਰ ,ਜਸਵੰਤ ਸਿੰਘ ਬੜੀ , ਗੁਰਮੇਲ ਸਿੰਘ ਕਾਲਾ , ਇੰਦਰਜੀਤ ਸਿੰਘ ਬੜੀ , ਦਵਿੰਦਰ ਸਿੰਘ ਸ਼ੇਰਪੁਰ , ਹਰਗੋਬਿੰਦ ਸ਼ੇਰਪੁਰ ਤੋਂ ਇਲਾਵਾ ਹੋਰ ਵੀ ਕਾਂਗਰਸੀ ਆਗੂ ਅਤੇ ਵਰਕਰ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਸੂਬਾ ਸਰਕਾਰ ਨੇ ਤੇਲ ਦੀਆਂ ਕੀਮਤਾਂ ਵਾਧਾ ਕੇ ਲੋਕਾਂ ਤੇ ਹੋਰ ਬੋਝ ਪਾਇਆ:ਕੁੰਭੜਵਾਲ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ ) ਸੂਬੇ ਦੇ ਲੋਕਾਂ ਨੂੰ ਵੱਡੀਆਂ ਵੱਡੀਆਂ ਸਹੂਲਤਾਂ ਦੇਣ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਡੀਜ਼ਲ ਪੈਟਰੋਲ ਅਤੇ ਬਿਜਲੀ ਦੀਆਂ ਕੀਮਤਾਂ ਵਿੱਚ ਵਾਧਾ ਕਰਕੇ ਪਹਿਲਾਂ ਹੀ ਮਹਿੰਗਾਈ ਦੀ ਚੱਕੀ ਵਿੱਚ ਪਿਸ ਰਹੇ ਲੋਕਾਂ ਦਾ ਕਚੂੰਬਰ ਕੱਢ ਦਿੱਤਾ ਹੈ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਮਾਰਕੀਟ ਕਮੇਟੀ ਸ਼ੇਰਪੁਰ ਦੇ ਸਾਬਕਾ ਚੇਅਰਮੈਨ ਚਮਕੌਰ ਸਿੰਘ ਕੁੰਭੜਵਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇੱਕ ਤਾਂ ਪਹਿਲੋਂ ਹੀ ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੈ ਦੂਜਾ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾ ਵਧਣ ਨਾਲ ਹਰ ਵਿਅਕਤੀ ਦੀ ਜੇਬ ਤੇ ਵਾਧੂ ਬੋਝ ਪਵੇਗਾ। ਕਿਉਂ ਕਿ ਤੇਲ ਕੀਮਤਾਂ ਵਧਣ ਨਾਲ ਬੱਸ ਕਿਰਾਏ 1 ਰੁਪਏ 45 ਪੈਸੇ ਤੋਂ ਲੈ ਕੇ 1 ਰੁਪਏ 74 ਪੈਸੇ ਤੱਕ ਦਾ ਵਾਧਾ ਹੋਇਆ ਹੈ, ਜਿਸ ਕਰਕੇ ਹਰ ਆਮ ਵਿਅਕਤੀ ਨੂੰ ਹੁਣ ਬਸ ਸਫਰ ਕਰਨਾ ਵੀ ਬਹੁਤ ਮਹਿੰਗਾ ਪਵੇਗਾ। ਜਦਕਿ ਰੋਜ਼ਾਨਾ ਅਮਰ ਵੇਲ ਵਾਂਗ ਵੱਧ ਰਹੀ ਮਹਿੰਗਾਈ ਕਾਰਨ ਆਮ ਵਿਅਕਤੀ ਨੂੰ ਚੁੱਲਾ ਚਲਾਉਣਾ ਵੀ ਔਖਾ ਹੋ ਰਿਹਾ ਪਿਆ ਹੈ।ਚੇਅਰਮੈਨ ਚਮਕੌਰ ਸਿੰਘ ਨੇ ਸਰਕਾਰ ਦੇ ਇਸ ਫੈਸਲੇ ਦੀ ਕਰੜੇ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਇਸ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ।

ਰੋਜ਼ਾਨਾ ਲੋਕ ਬਾਣੀ www.lokbani

# ਦਰਬਾਰ ਸਾਬਰ ਦਾਤਾ ਅਲੀ ਅਹਿਮਦ ਸ਼ਾਹ ਜੀ ਮੰਮੀ ਸ਼ੀਲਾ ਮੰਹਤ ਸਾਬਰੀ ਜੀ ਭਗਤਪੁਰਾ ਫਗਵਾੜਾ ਵਿਖੇ ਸਲਾਨਾ ਉਰਸ ਮੁਬਾਰਕ ਮਿਤੀ 13 ਸੰਤਬਰ ਨੂੰ



ਫਗਵਾੜਾ (ਜੀਵਨ ਸੰਘਾ/ ਸੁਸ਼ੀਲ ਸ਼ਰਮਾ) ਦਰਬਾਰ ਸਾਬਰ ਦਾਤਾ ਅਲੀ ਅਹਿਮਦ ਸ਼ਾਹ ਜੀ ਮੰਮੀ ਸ਼ੀਲਾ ਮੰਹਤ ਸਾਬਰੀ ਜੀ ਭਗਤਪੁਰਾ ਫਗਵਾੜਾ ਵਿਖੇ ਸਲਾਨਾ ਉਰਸ ਮੁਬਾਰਕ 11 ਸਤੰਬਰ ਦਿਨ ਸ਼ੁਕਰਵਾਰ ਮੇਲਾ ਹਜ਼ਰਤ ਸ਼ੇਖ਼ ਬਾਬਾ ਗੁਲਾਮੀ ਸ਼ਾਹ ਜੀ , ਮੰਮੀ ਜੀ ਸ਼ੀਲਾ ਮੰਹਤ ਸਾਬਰੀ ਜੀ ਮੇਲਾ ਮਨਾਇਆ ਜਾ ਰਿਹਾ ਹੈ ਗੱਦੀ ਨਸ਼ੀਨ ਹਾਜੀ ਜੋਤੀ ਮੰਹਤ ਦੀ ਯੋਗ ਰਹਿਨੁਮਾਈ ਅਤੇ ਗੋਰੀ ਮੰਹਤ , ਨੀਸ਼ਾ ਮੰਹਤ ਦੀ ਸੁਚੱਜੀ ਦੇਖਰੇਖ ਹੇਠ ਕਰਵਾਏ ਜਾ ਰਹੇ ਇਸ ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਜੋਤੀ ਮੰਹਤ ਨੇ ਦੱਸਿਆ ਕਿ 11 ਸਤੰਬਰ ਨੂੰ ਚਿਰਾਗ ਦੀ ਰਸਮ , 12 ਸੰਤਬਰ ਨੂੰ ਪਰਵੇਜ਼ ਖਾਨ ਮਲੇਰਕੋਟਲਾ , ਸੁਨੈਨਾ ਨਕਾਲ ਪਾਰਟੀ , ਕਵਾਲ ਰੌਕੀ ਐਂਡ ਪਾਰਟੀ ਫਗਵਾੜਾ ਅਪਣੀ ਹਾਜਰੀ ਲਗਵਾਉਣਗੇ ਅਤੇ 13 ਸੰਤਬਰ ਨੂੰ ਚਾਦਰ ਦੀ ਰਸਮ ਹੋਵੇਗੀ

ਰੋਜ਼ਾਨਾ ਲੋਕ ਬਾਣੀ www.lokbani

# ਅਧਿਆਪਕ ਹੀ ਸਮਾਜ ਦੇ ਅਸਲੀ ਨਿਰਮਾਤਾ : ਡਾ ਰਮਨ

## ਹਰ ਅਧਿਆਪਕ ਅਧਿਐਨ, ਅਧਿਆਪਨ ਅਤੇ ਬਿਹਤਰ ਨਿਰਮਾਣ ਦਾ ਪ੍ਰਮਾਣ ਹੈ : ਸੁਸ਼ੀਲ ਸ਼ਰਮਾ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਫਗਵਾੜਾ ਪੱਤਰਕਾਰ ਸੰਗਠਨ ਵਲੋਂ ਪ੍ਰਧਾਨ ਡਾ ਰਮਨ ਸ਼ਰਮਾ ਦੀ ਪ੍ਰਧਾਨਗੀ ਅਤੇ ਪ੍ਰੋਜੈਕਟ ਡਾਇਰੈਕਟਰ ਜੀਵਨ ਸੰਘਾ ਦੀ ਸੁਚੱਜੀ ਦੇਖਰੇਖ ਹੇਠ ਗੋਰਮਿੰਟ ਪ੍ਰਾਇਮਰੀ ਸਕੂਲ ਭਗਤਪੁਰਾ ਵਿਖੇ ਅਧਿਆਪਕਾ ਦੇ ਸਨਮਾਨ ਲਈ ਅਧਿਆਪਕ ਦਿਵਸ ਮਨਾਇਆ ਗਿਆ ਅਪਣੇ ਸੰਬੋਧਨ ਚ ਬੋਲਦਿਆਂ ਡਾ ਰਮਨ ਨੇ ਕਿਹਾ ਕਿ ਡਾ: ਸਰਵਪੱਲੀ ਰਾਧਾਕ੍ਰਿਸ਼ਨਨ, ਜਿਨ੍ਹਾਂ ਦੇ ਜਨਮ ਦਿਨ ਨੂੰ ਅਸੀਂ ਅਧਿਆਪਕ ਦਿਵਸ ਵਜੋਂ ਮਨਾਉਂਦੇ ਹਾਂ, ਉਹ ਖ਼ੁਦ ਇੱਕ ਮਹਾਨ ਅਧਿਆਪਕ ਸਨ ਉਨ੍ਹਾਂ ਸਿੱਖਿਆ ਦੀ ਮਹੱਤਤਾ ਬਾਰੇ ਦੱਸਿਆ ਤੇ ਸਮਾਜ ਵਿੱਚ ਅਧਿਆਪਕਾਂ ਦੀ ਭੂਮਿਕਾ ਬਾਰੇ ਦੱਸਿਆ ਉਨ੍ਹਾਂ ਦੇ ਵਿਚਾਰਾਂ ਨੂੰ ਮੁੱਖ ਰੱਖਦਿਆਂ ਸਾਨੂੰ ਆਪਣੇ ਅਧਿਆਪਕਾਂ ਦਾ ਹਮੇਸ਼ਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਦੀ ਮਿਹਨਤ ਦੀ ਕਦਰ ਕਰਨੀ ਚਾਹੀਦੀ ਹੈ ਅਪਣੇ ਸੰਬੋਧਨ ਚ ਬੋਲਦਿਆਂ ਜੀਵਨ ਸੰਘਾ ਨੇ ਕਿਹਾ ਕਿ ਅਧਿਆਪਕ ਉਸ ਗੁਰੂ ਸਮਾਨ ਹੈ, ਜਿਹੜਾ ਗੁਰੂ ਆਪਣੇ ਵਿਦਿਆਰਥੀ ਦੇ ਚੰਗੇਰੇ ਭਵਿੱਖ ਲਈ ਹਮੇਸ਼ਾਂ ਚਿੰਤਤ ਰਹਿੰਦਾ ਹੈ ਉਨ੍ਹਾਂ ਕਿਹਾ ਕਿ ਅਧਿਆਪਕ ਦੇ ਸਤਿਕਾਰ ਨਾਲ ਹੀ ਤੰਦਰੁਸਤ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ




ਸੁਸ਼ੀਲ ਸ਼ਰਮਾ ਨੇ ਅਧਿਆਪਕ ਅਤੀਤ ਦਾ ਸੁਧਾਰਕ ਵੀ ਹੈ ਅਤੇ ਭਵਿੱਖ ਦਾ ਨਿਰਮਾਤਾ ਵੀ ਹੈ ਕਿਉਂਕਿ ਹਰ ਅਧਿਆਪਕ ਅਧਿਐਨ, ਅਧਿਆਪਨ ਅਤੇ ਬਿਹਤਰ ਨਿਰਮਾਣ ਦਾ ਪ੍ਰਮਾਣ ਹੈ ਉਨ੍ਹਾਂ ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਆਪਣੇ ਅਧਿਆਪਕਾਂ ਦਾ ਸਤਿਕਾਰ ਕਰਨ ਦੀ ਮਹੱਤਤਾ ਤੇ ਜ਼ੋਰ ਦਿੱਤਾ ਇਸ ਮੌਕੇ ਅਧਿਆਪਕਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ ਗਿਆ ਇਸ ਮੌਕੇ ਸਨਮਾਨਿਤ ਹੋਣ ਵਾਲੇ ਅਧਿਆਪਕਾਂ ਚ ਮੁੱਖ ਅਧਿਆਪਕ ਜਸਵਿੰਦਰ ਸਿੰਘ , ਮੈਡਮ ਹਰਜਿੰਦਰ ਕੌਰ ਈ ਟੀ ਟੀ ਅਧਿਆਪਕ , ਮੈਡਮ ਸੰਦੀਪ ਕੌਰ ਈ ਟੀ ਟੀ ਅਧਿਆਪਕ ਸ਼ਾਮਿਲ ਸਨ ਇਸ ਮੌਕੇ ਫਗਵਾੜਾ ਪੱਤਰਕਾਰ ਸੰਗਠਨ ਦੇ ਪ੍ਰਧਾਨ ਡਾ ਰਮਨ , ਸੁਸ਼ੀਲ ਸ਼ਰਮਾ , ਜੀਵਨ ਸੰਘਾ , ਅਜੇ ਕੋਛੜ , ਅਮ੍ਰਿਤਪਾਲ ਸਿੰਘ , ਸਤਪ੍ਰਕਾਸ਼ ਸਿੰਘ ਸੰਗੂ , ਜਸਵਿੰਦਰ ਸਿੰਘ ਭਗਤਪੁਰਾ ਆਦਿ ਮੌਜੂਦ ਸਨ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਟੈਕਸੀ ਮਾਲਕਾਂ, ਚਾਲਕਾਂ ਤੇ ਆਮ ਪਬਲਿਕ ਨੂੰ ਆਵਾਜਾਈ ਨਿਯਮਾਂ ਦੀ ਦਿੱਤੀ ਜਾਣਕਾਰੀ



ਗੁਰਦਾਸਪੁਰ-ਨਵਨੀਤ ਕੁਮਾਰ -
ਟੈਫ੍ਰਿਕ ਪੁਲਿਸ ਐਜੂਕੇਸ਼ਨ ਸੈਲ ਵੱਲੋਂ ਟਰੈਫਿਕ ਜਾਗਰੂਕਤਾ ਸੈਮੀਨਾਰ ਬਟਾਲਾ ਰੋਡ ਮਿੰਨੀ ਆਟੋ ਸਟੈਂਡ ਵਿਖੇ ਲਗਾਇਆ ਗਿਆ, ਜਿਸ ਵਿੱਚ ਟੈਕਸੀ ਮਾਲਕਾਂ, ਚਾਲਕਾਂ ਤੇ ਆਮ ਪਬਲਿਕ ਨੂੰ ਸ਼ਾਮਲ ਕਰਕੇ ਟੈਫ੍ਰਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ।ਸੈਮੀਨਾਰ ਵਿੱਚ ਇੰਨਚਾਰਜ ਟ੍ਰਫਿਕ ਐਜੂਕੇਸ਼ਨ ਸੈਲ ਏ ਐਸ ਆਈ ਜਸਵਿੰਦਰ ਸਿੰਘ, ਏ ਐਸ ਆਈ ਅਮਨਦੀਪ ਸਿੰਘ, ਸੁਖਪ੍ਰੀਤ ਸਿੰਘ, ਭਜਨ ਸਿੰਘ ਤੇ ਜਸਪਾਲ ਆਦਿ ਨੇ ਹਿੱਸਾ ਲਿਆ। ਇੰਨਚਾਰਜ ਟ੍ਰਫਿਕ ਐਜੂਕੇਸ਼ਨ ਸੈਲ ਏ ਐਸ ਆਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਹਾਦਸਿਆਂ ਦੀ ਦਰ ਨੂੰ ਕਿਵੇਂ ਘਟਾਇਆ ਜਾ ਸਕਦਾ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ ਢੋਆ-ਢੁਆਈ ਵਾਲੇ ਵਹੀਕਲਜ਼ ਉਪਰ ਸਵਾਰੀਆਂ ਬੈਠਾਉਣਾ ਗੈਰ ਕਾਨੂੰਨੀ ਹੈ ਅਤੇ ਹੋਣ ਵਾਲੇ ਚਲਾਨਾ ਤੇ ਜੁਰਮਾਨਾ ਬਾਰੇ ਜਾਣਕਾਰੀ ਦਿੱਤੀ ਗਈ। ਹੈਲਮਟ ਤੇ ਸੀਟ ਬੈਲਟ ਦੀ ਅਹਿਮੀਅਤ ਬਾਰੇ ਦੱਸਿਆ ਗਿਆ। ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ ਤੇ ਇਸ ਦੀ ਰੋਕਥਾਮ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ ਗਿਆ । ਅਣਪਛਾਤੇ ਵਹੀਕਲਜ਼ ਦੁਆਰਾ ਐਕਸੀਡੈਂਟ ਹੋਣ ਤੇ ਮੌਤ ਹੋ ਜਾਣ ਜਾ ਅਪਾਹਜ ਹੋਣ ਜਾਣ ਤੇ ਮਿਲਣ ਵਾਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ ਗਈ ਹੈਲਪ ਲਾਈਨ ਨੰਬਰ 112,1033,,1930ਬਾਰੇ ਜਾਗਰੂਕ ਕੀਤਾ ਗਿਆ।

ਰੋਜ਼ਾਨਾ ਲੋਕ ਬਾਣੀ
www.lokbani

# ਪੰਜਾਬ ਭਰ ਵਿੱਚ ਡਾਕਟਰਾਂ ਦੀ ਦੂਜੇ ਦਿਨ ਦੀ ਹੜਤਾਲ ਦਾ ਪਿਆ ਭਾਰੀ ਅਸਰ

## ☛ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਦੀਆਂ ਲੱਗੀਆਂ ਲੰਬੀਆਂ ਲਾਈਨਾਂ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸਰਕਾਰੀ ਡਾਕਟਰਾਂ ਦੀ ਪ੍ਰਮੁੱਖ ਜਥੇਬੰਦੀ ਪੰਜਾਬ ਸਿਵਲ ਮੈਡੀਕਲ ਸਰਵਿਸਿਸ ਐਸੋਸੀਏਸ਼ਨ ਵਲੋਂ ਪੰਜਾਬ ਭਰ ਦੇ ਸਾਰੇ ਸਰਕਾਰੀ ਹਸਪਤਾਲਾਂ ਤੇ ਸਿਹਤ ਕੇਂਦਰਾਂ ਵਿੱਚ 9 ਸਤੰਬਰ ਤੋਂ ਐਲਾਨੀ ਹੋਈ ਹੜਤਾਲ ਦਾ ਅੱਜ ਦੂਜਾ ਦਿਨ ਸੀ। 8 ਤੋਂ 11 ਵਜੇ ਤੱਕ ਓਪਡੀ ਸੇਵਾਵਾਂ ਬੰਦ ਰੱਖੀਆਂ ਗਈਆਂ। ਇਸ ਦੌਰਾਨ ਜਿੰਨਾ ਮਰੀਜ਼ਾਂ ਨੂੰ ਹੜਤਾਲ ਬਾਰੇ ਜਾਣਕਾਰੀ ਨਹੀਂ ਸੀ ਉਹ ਸਮੇਂ ਤੇ ਆ ਕੇ ਖੜੇ ਰਹੇ ਅਤੇ ਸਾਰੇ ਹਸਪਤਾਲਾਂ ਵਿੱਚ ਕਾਫੀ ਭੀੜ ਦੇਖੀ ਗਈ। ਮੈਡੀਕਲ ਅਫਸਰਾਂ ਨੇ ਸਰਕਾਰ ਪ੍ਰਤੀ ਆਪਣੀਆਂ ਮੰਗਾਂ ਦੇ ਪੈਂਫਲਟ ਵੰਡ, ਫਲੈਕਸ ਬੈਨਰ ਅਤੇ ਅਤੇ ਭਾਸ਼ਣਾ ਰਾਹੀਂ ਮਰੀਜ਼ਾਂ ਨੂੰ ਆਪਣੀਆਂ ਮੰਗਾਂ ਤੋਂ ਜਾਣੂ ਕਰਵਾਇਆ। ਸੁਰੱਖਿਆ ਦੇ ਮੁੱਦੇ ਤੇ ਲੇਡੀ ਡਾਕਟਰਾਂ ਵਿੱਚ ਕਾਫੀ ਰੋਸ ਵੇਖਣ ਨੂੰ ਮਿਲਿਆ ਕਿਉਂਕਿ ਕੱਲ ਵੀ ਮੋਹਾਲੀ ਜਿਲੇ ਵਿੱਚ ਇੱਕ ਗਰਭਵਤੀ ਡਾਕਟਰ ਤੇ ਡਿਊਟੀ ਦੌਰਾਨ ਹਮਲਾ ਕੀਤਾ ਗਿਆ। ਜਿਆਦਾਤਰ ਮਰੀਜ਼ ਵੀ ਡਾਕਟਰਾਂ ਦੀ ਜਾਇਜ਼ ਮੰਗਾਂ ਤੇ ਸਮਰਥਨ ਕਰਦੇ ਹੋਏ ਉਹਨਾਂ ਦੇ ਨਾਲ ਖੜੇ ਦਿਖੇ। ਦੱਸਣ ਯੋਗ ਹੈ ਕਿ ਪਹਿਲਾਂ ਐਸੋਸੀਏਸ਼ਨ ਵੱਲੋਂ ਅਨਿਸ਼ਚਿਤ ਕਾਲ ਤੱਕ ਪੂਰਨ ਤੌਰ ਤੇ ਬੰਦ ਦਾ ਐਲਾਨ ਕੀਤਾ ਗਿਆ ਸੀ ਪਰ ਸਿਹਤ ਮੰਤਰੀ ਵੱਲੋਂ ਕੀਤੀ ਗਈ ਅਪੀਲ ਅਤੇ ਕੈਬਿਨਟ ਦੀ ਸਬ ਕਮੇਟੀ ਦੇ ਤੌਰ ਤੇ ਵਿੱਤ ਮੰਤਰੀ ਨਾਲ ਐਸੋਸੀਏਸ਼ਨ ਨੂੰ ਮੀਟਿੰਗ ਕਰਵਾਏ ਜਾਣ ਦਾ ਸੱਦਾ ਦੇਣ ਤੋਂ ਬਾਅਦ ਡਾਕਟਰਾਂ ਨੇ ਮਰੀਜ਼ਾਂ ਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਆਪਣਾ ਵਿਧਰੋਹ ਥੋੜਾ ਘਟਾਇਆ ਹੈ। ਉਹਨਾਂ ਕਿਹਾ ਕਿ ਅਸੀਂ ਗੱਲਬਾਤ ਲਈ ਸੁਖਾਵਾਂ ਮਾਹੌਲ ਬਣਾਏ ਰੱਖਣਾ ਚਾਹੁੰਦੇ ਹਾਂ ਪਰ ਹਾਲੇ ਵੀ ਕਿਉਕਿ ਸਰਕਾਰ ਦੀ ਤਰਫ ਤੋਂ ਸਿਹਤ ਮੰਤਰੀ ਦੁਆਰਾ ਦਿੱਤੇ ਗਏ ਸੁਰੱਖਿਆ ਪ੍ਰਬੰਧਾਂ ਦੇ ਭਰੋਸੇ ਜਮੀਨੀ ਪੱਧਰ ਤੇ ਨਹੀਂ ਪਹੁੰਚੇ, ਨਾ ਹੀ ਸਰਕਾਰ ਬਾਰ-ਬਾਰ ਮੀਟਿੰਗਾਂ ਵਿੱਚ ਸਮਾਂ ਬੱਧ ਤਰੱਕੀਆਂ ਸਬੰਧੀ ਕੋਈ ਨੋਟੀਫਿਕੇਸ਼ਨ ਲੈ ਕੇ ਆਈ ਹੈ। ਜੇ ਇਸ ਤੋਂ ਬਾਅਦ ਵੀ ਸਰਕਾਰ ਨੇ ਆਪਣਾ ਢਿੱਲਾ ਰਵਈਆ ਬਣਾਈ ਰੱਖਿਆ




ਤਾਂ ਉਹਨਾਂ ਦੀ ਕਿਸੇ ਵੀ ਗੱਲ ਤੇ ਭਰੋਸਾ ਕਰਨਾ ਮੁਸ਼ਕਿਲ ਹੋ ਜਾਵੇਗਾ। ਇਹ ਅੰਦੋਲਨ ਆਪਣੀ ਜਾਇਜ ਪ੍ਰਮੁੱਖ ਮੰਗਾਂ ਮਨਾਉਣ ਤੋਂ ਬਿਨਾਂ ਨਹੀਂ ਰੁਕੇਗਾ। ਐਸੋਸੀਏਸ਼ਨ ਦੇ ਮੁੱਖੀ ਨੇ ਸਰਕਾਰ ਨੂੰ ਸਵਾਲ ਕਰਦਿਆਂ ਪੁੱਛਿਆ ਕਿ ਤਰੱਕੀਆਂ ਰੋਕ ਕੇ ਸਰਕਾਰ ਕੀ ਸਰਕਾਰੀ ਹਸਪਤਾਲਾਂ ਨੂੰ ਖਤਮ ਕਰਨਾ ਚਾਹੁੰਦੀ ਹੈ ਕਿਓਕਿ ਇਸ ਤਰਾਂ ਚੰਗੇ ਤੇ ਮਾਹਿਰ ਡਾਕਟਰ ਸਰਕਾਰੀ ਹਸਪਤਾਲ ਛੱਡ ਜਾਣਗੇ। ਨਾਲ ਦੇ ਸੂਬੇ ਦਿੱਲੀ ਤੇ ਹਰਿਆਣਾ ਵੀ ਵਿੱਤ ਕਮਿਸ਼ਨ ਦੀਆਂ ਇਕੋ ਜਿਹੀ ਹਦਾਇਤਾਂ ਦੇ ਬਾਵਜੂਦ ਏ.ਸੀ.ਪੀ ਦੇ ਰਹੀਆਂ ਹਨ, ਕੀ ਪੰਜਾਬ ਦੇ ਡਾਕਟਰ ਪੰਜਾਬ ਵਿੱਚੋ ਕੰਮ ਛੱਡ ਕੇ ਨਾਲ ਦੇ ਰਾਜ ਵਿੱਚ ਚਲੇ ਜਾਣ ? ਪੰਜਾਬ ਸਰਕਾਰ ਦੇ ਹੀ ਦੂਜੇ ਵਿਭਾਗ ਮੈਡੀਕਲ ਸਿੱਖਿਆ ਤੇ ਖੋਜ ਵਿੱਚ ਸਾਡੇ ਹੀ ਡਾਕਟਰਾਂ ਨੂੰ 4 ਅਤੇ 7 ਸਾਲ ਤੇ ਤਰੱਕੀ ਦਿੱਤੀ ਜਾ ਰਹੀ ਫਿਰ ਸੱਭ ਤੋਂ ਜ਼ਰੂਰੀ ਸਿਹਤ ਵਿਭਾਗ ਦੀ ਤਰੱਕੀ ਤੇ ਗ੍ਰਹਣ ਕਿਉ ਲਾਇਆ ਜਾ ਰਿਹਾ ਐਸੋਸੀਏਸ਼ਨ ਨੇ ਆਪਣੀ ਅਗਲੀ ਨੀਤੀ ਬਾਰੇ ਦੱਸਦਿਆਂ ਕਿਹਾ ਕਿ ਇਹ ਹੜਤਾਲ ਦਾ ਰੂਪ ਰੇਖ ਤਿੰਨ ਭਾਗਾਂ ਵਿੱਚ ਵੰਡਿਆ ਜਾ ਰਿਹਾ ਪਹਿਲੇ ਤਿੰਨ ਦਿਨ ਲਈ ਸਿਰਫ ਅੱਧੇ ਦਿਨ ਦੇ ਲਈ ਓਪੀਡੀ ਬੰਦ ਰੱਖੀ ਜਾਵੇਗੀ। ਜੇ ਸਰਕਾਰ ਫਿਰ ਵੀ ਕੋਈ ਹੱਲ ਨਹੀਂ ਲੈ ਕੇ ਆਉਂਦੀ ਤਾਂ ਫੇਸ ਦੋ ਵਿੱਚ 12 ਸਤੰਬਰ ਤੋਂ ਪੂਰੇ ਸਮੇਂ ਲਈ ਸਾਰੀਆਂ ਸੇਵਾਵਾਂ ਬੰਦ ਕਰਤੀਆਂ ਜਾਣਗੀਆਂ। ਸਿਰਫ ਐਮਰਜੰਸੀ ਮਰੀਜ਼ਾਂ ਦੀ ਲੋੜ ਨੂੰ ਦੇਖਦੇ ਹੋਏ ਬਹਾਲ ਰੱਖੀ ਜਾਵੇਗੀ। ਇਸ ਤੋਂ ਬਾਅਦ ਵੀ 16 ਸਤੰਬਰ ਜੇਕਰ ਨੌਬਤ ਆਈ ਤਾਂ ਹਰ ਤਰ੍ਹਾਂ ਦੇ ਮੈਡੀਕੋ ਲੀਗਲ ਸੇਵਾਵਾਂ ਵੀ ਡਾਕਟਰ ਮਜਬੂਰ ਹੋ ਕੇ ਛੱਡ ਜਾਣਗੇ।

ਇਹ ਸਭ ਵੇਖਦੇ ਹੋਏ ਇਹ ਜਾਪਦਾ ਹੈ ਕਿ, ਸਰਕਾਰ ਨੂੰ ਕੱਲ੍ਹ ਦੀ ਵਿੱਤ ਵਿਭਾਗ ਦੀ ਮੀਟਿੰਗ ਵਿੱਚ ਇਹਨਾਂ ਮੁੱਦਿਆਂ ਦੇ ਹੱਲ ਕੱਢਣਾ ਪਵੇਗਾ। ਨਹੀਂ ਤਾਂ ਡਾਕਟਰਾਂ ਦੀ ਹੜਤਾਲ ਦਾ ਮਰੀਜ਼ਾਂ ਨੂੰ ਖਮਿਆਜਾ ਭੁਗਤਣਾ ਪੈ ਸਕਦਾ ਹੈ। ਡਾਕਟਰਾਂ ਨੂੰ ਹੋਰ ਵੀ ਸਰਕਾਰੀ ਕਰਮਚਾਰੀ ਜਥੇਬੰਦੀਆਂ ਦਾ ਤੇ ਆਮ ਲੋਕਾਂ ਦੀ ਪੁਰਜੋਰ ਸਾਥ ਮਿਲ ਰਿਹਾ

ਰੋਜ਼ਾਨਾ ਲੋਕ ਬਾਣੀ
www.lokbani

# ਡਾ: ਨਿਸ਼ਾ ਭਾਰਗਵ ਨੇ ਕਾਵਿਆ ਤ੍ਰਿਵੇਣੀ ਰਿਲੀਜ ਕੀਤਾ



ਚੰਡੀਗੜ੍ਹ (ਲੋਕ ਬਾਣੀ) । ਮੇਹਰ ਚੰਦ ਮਹਾਜਨ ਡੀਏਵੀ ਮਹਿਲਾ ਕਾਲਜ ਸੈਕਟਰ 36 ਦੀ ਪ੍ਰਿੰਸੀਪਲ ਡਾ: ਨਿਸ਼ਾ ਭਾਰਗਵ ਨੇ ਕਾਵਿ ਸੰਗ੍ਰਹਿ 'ਕਾਵਿਆ ਤ੍ਰਿਵੇਣੀ' ਰਿਲੀਜ ਕੀਤਾ। ਰਿਲੀਜ਼ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ: ਭਾਰਗਵ ਜੋ ਕਿ ਖ਼ੁਦ ਇੱਕ ਨਿਪੁੰਨ ਕਵਯਿਤਰੀ ਹਨ, ਨੇ ਕਿਹਾ ਕਿ ਇਸ ਕਾਵਿ ਸੰਗ੍ਰਹਿ ਵਿੱਚ ਕਾਵਿ ਪ੍ਰੇਮੀਆਂ ਲਈ ਇੱਕ ਵਿਲੱਖਣ ਤੋਹਫ਼ਾ ਹੈ ਜਿਸ ਵਿੱਚ ਸ਼ਹਿਰ ਦੇ 3 ਨਾਮਵਰ ਕਵੀਆਂ ਦੀਆਂ ਰਚਨਾਵਾਂ ਸ਼ਾਮਿਲ ਹਨ । ਇਸ ਸੰਗ੍ਰਹਿ ਵਿੱਚ ਡਾ: ਸਰਿਤਾ ਮਹਿਤਾ, ਸ੍ਰੀ ਪ੍ਰੇਮ ਵਿਜ ਅਤੇ ਡਾ: ਵਿਨੋਦ ਕੁਮਾਰ ਦੀਆਂ ਰਚਨਾਵਾਂ ਸ਼ਾਮਲ ਹਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤੀ ਸਭਿਅਤਾ, ਸੱਭਿਆਚਾਰ, ਅਮੀਰ ਵਿਰਸੇ, ਦੇਸ਼ ਭਗਤੀ, ਸਮਾਜਿਕ ਸਰੋਕਾਰਾਂ, ਪਿਆਰ ਅਤੇ ਹੋਰ ਵੰਨ-ਸੁਵੰਨੇ ਵਿਸ਼ਿਆਂ 'ਤੇ ਇਨ੍ਹਾਂ ਅਨੁਭਵੀ ਕਵੀਆਂ ਵੱਲੋਂ ਲਿਖੀਆਂ ਕਵਿਤਾਵਾਂ ਵਿੱਚ ਪਾਠਕ ਸਿਰਜਣਾਤਮਕ ਸਫ਼ਰ ਤੈਅ ਕਰ ਸਕਦੇ ਹਨ।

ਰੋਜ਼ਾਨਾ ਲੋਕ ਬਾਣੀ
www.lokbani

# ਕੇਂਦਰੀ ਸੰਚਾਰ ਬਿਊਰੋ (ਸੀਬੀਸੀ) ਭਲਕੇ ਤੋਂ ਵੱਖ-ਵੱਖ ਯੋਜਨਾਵਾਂ ਤੇ ਤਿੰਨ ਦਿਨਾਂ ਮਲਟੀਮੀਡੀਆ ਫੋਟੋ ਪ੍ਰਦਰਸ਼ਨੀ ਦਾ ਆਯੋਜਨ ਕਰੇਗਾ

ਗੁਰਦਾਸਪੁਰ-ਨਵਨੀਤ ਕੁਮਾਰ -
ਕੇਂਦਰੀ ਸੰਚਾਰ ਬਿਊਰੋ (ਸੀਬੀਸੀ), ਸੂਚਨਾ ਅਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੇਂਦਰ ਸਰਕਾਰ ਦੀਆਂ ਵੱਖ-ਵੱਖ ਜਾਗਰੂਕਤਾ ਮੁਹਿੰਮਾਂ ਅਤੇ ਜਨਹਿੱਤ ਸਕੀਮਾਂ ਬਾਰੇ ਤਿੰਨ ਰੋਜ਼ਾ ਮਲਟੀਮੀਡੀਆ ਫੋਟੋ ਪ੍ਰਦਰਸ਼ਨੀ 11 ਤੋਂ 13 ਸਤੰਬਰ ਤੱਕ ਇੱਥੇ ਪੁਰਾਣੇ ਬੱਸ ਸਟੈਂਡ ਵਿਖੇ ਲਗਾਈ ਜਾ ਰਹੀ ਹੈ। ਪ੍ਰਦਰਸ਼ਨੀ ਦਾ ਉਦਘਾਟਨ ਸਵੇਰੇ 11.30 ਵਜੇ ਕੀਤਾ ਜਾਵੇਗਾ। ਪ੍ਰਦਰਸ਼ਨੀ ਸਬੰਧੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਸੁਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੁਲਿਸ, ਸਿਹਤ, ਸਿੱਖਿਆ, ਸੁਵਿਧਾ ਕੇਂਦਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਲੀਡ ਬੈਂਕ, ਜ਼ਿਲ੍ਹਾ ਹੈਰੀਟੇਜ ਸੁਸਾਇਟੀ, ਖੇਤੀਬਾੜੀ ਆਦਿ ਵਿਭਾਗਾਂ ਨੂੰ ਆਪੋ-ਆਪਣੇ ਵਿਭਾਗਾਂ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰੋਗਰਾਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਟਾਲ ਲਗਾਉਣ ਅਤੇ ਸੂਚਨਾ ਸਮੱਗਰੀ ਵੰਡਣ ਦੇ ਨਿਰਦੇਸ਼ ਦਿੱਤੇ ਗਏ। ਏਡੀਸੀ ਦੇ ਨਾਲ, ਮੰਤਰਾਲੇ ਦੇ ਖੇਤਰੀ ਪ੍ਰਚਾਰ ਅਧਿਕਾਰੀ ਅਤੇ ਪ੍ਰਦਰਸ਼ਨੀ ਦੇ ਨੋਡਲ ਅਧਿਕਾਰੀ ਸ਼੍ਰੀ ਰਾਜੇਸ਼ ਬਾਲੀ ਵੀ ਮੌਜੂਦ ਸਨ।




ਸ਼੍ਰੀ ਬਾਲੀ ਨੇ ਅੱਗੇ ਦੱਸਿਆ ਕਿ ਪੁਲਿਸ ਵਿਭਾਗ ਵੱਲੋਂ ਔਰਤਾਂ ਵਿਰੁੱਧ ਅਪਰਾਧ, ਨਸ਼ਾਖੋਰੀ, ਸਾਂਝ ਸੇਵਾਵਾਂ ਅਤੇ ਸਾਈਬਰ ਅਪਰਾਧ ਤੋਂ ਬਚਣ ਦੇ ਤਰੀਕੇ ਆਦਿ ਵਿਸ਼ਿਆਂ ਤੇ ਲੈਕਚਰ ਦਿੱਤੇ ਜਾਣਗੇ। ਲੋਕਾਂ ਨੂੰ ਜਾਗਰੂਕ ਕਰਨ ਲਈ ਬੈਂਕਾਂ ਵੱਲੋਂ ਵਿੱਤੀ ਸਮਾਵੇਸ਼ ਸਕੀਮਾਂ, ਸਮਾਜਿਕ ਸੁਰੱਖਿਆ ਸਕੀਮਾਂ ਆਦਿ ਬਾਰੇ ਵੀ ਜਾਣਕਾਰੀ ਦਿੱਤੀ ਜਾਏਗੀ। ਸਿਵਲ ਹਸਪਤਾਲ ਵੱਲੋਂ ਬਾਲੜੀ ਸੁਰੱਖਿਆ ਯੋਜਨਾ, ਆਯੂਸ਼ਮਾਨ ਕਾਰਡ, ਦਿੱਵਯਾਂਗਜਨਾਂ ਲਈ ਸਰਟੀਫਿਕੇਟ ਆਦਿ ਬਾਰੇ ਜਾਣਕਾਰੀ ਦੇਣ ਲਈ ਸਟਾਲ ਲਗਾਏ ਜਾਣਗੇ। ਜ਼ਿਲ੍ਹਾ ਸੁਵਿਧਾ ਕੇਂਦਰ ਵੱਲੋਂ ਪ੍ਰੋਗਰਾਮ ਦੇ ਸਥਾਨ 'ਤੇ ਆਧਾਰ ਕਾਰਡ ਨਾਲ ਸਬੰਧਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। 13 ਸਤੰਬਰ ਨੂੰ ਇੱਕ ਵਿਸ਼ੇਸ਼ ਕੈਂਸਰ ਜਾਗਰੂਕਤਾ ਕੈਂਪ ਵੀ ਲਗਾਇਆ ਜਾਵੇਗਾ, ਜਿੱਥੇ ਔਰਤਾਂ ਨੂੰ ਛਾਤੀ ਦੇ ਕੈਂਸਰ ਅਤੇ ਇਸ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਜਾਵੇਗਾ।

ਰੋਜ਼ਾਨਾ ਲੋਕ ਬਾਣੀ
www.lokbani

# ਡਾ.ਸੰਜੀਵ ਗੌਤਮ ਨੇ "ਇਕ ਸ਼ਾਮ ਗ਼ਜ਼ਲ ਦੇ ਨਾਮ ਪ੍ਰੋਗਰਾਮ ਦਾ ਪੋਸਟਰ ਕੀਤਾ ਜਾਰੀ

## 15 ਸਤੰਬਰ ਨੂੰ ਵਿਰਾਸਤ ਏ ਖਾਲਸਾ ਵਿਖੇ ਹੋਵੇਗਾ ਪ੍ਰੋਗਰਾਮ



ਸ਼੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਆਸਰਾ ਫਾਊਂਡੇਸ਼ਨ(ਰਜਿ:) ਸ਼੍ਰੀ ਅਨੰਦਪੁਰ ਸਾਹਿਬ ਵਲੋਂ ਮਾਂ ਬੋਲੀ ਪੰਜਾਬੀ, ਡਾ. ਸੁਰਜੀਤ ਪਾਤਰ ਸਾਹਿਬ ਅਤੇ ਵਾਤਾਵਰਨ ਨੂੰ ਸਮਰਪਿਤ ਇਕ ਸੰਗੀਤਕ ਪ੍ਰੋਗਰਾਮ "ਇਕ ਸ਼ਾਮ ਗ਼ਜ਼ਲ ਦੇ ਨਾਮ 15 ਸਤੰਬਰ ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਵਿਰਾਸਤ-ਏ-ਖਾਲਸਾ (ਆਡੀਟੋਰੀਅਮ) ਸ਼੍ਰੀ ਅਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਜਿਸਦਾ ਪੋਸਟਰ ਅੱਜ ਡਾ. ਸੰਜੀਵ ਗੌਤਮ (ਸੀਨੀਅਰ ਆਪ ਆਗੂ ਅਤੇ ਸੂਬਾ ਪ੍ਰਧਾਨ ਡਾਕਟਰ ਵਿੰਗ ਪੰਜਾਬ) ਵਲੋਂ ਜਾਰੀ ਕੀਤਾ ਗਿਆ।

ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਦੇ ਪ੍ਰਬੰਧਕ ਦਵਿੰਦਰਪਾਲ ਸਿੰਘ ਅਤੇ ਰਾਜ ਘਈ ਨੇ ਦੱਸਿਆ ਕਿ ਮਾਂ ਬੋਲੀ ਪੰਜਾਬੀ, ਡਾ. ਸੁਰਜੀਤ ਪਾਤਰ ਸਾਹਿਬ ਅਤੇ ਵਾਤਾਵਰਨ ਨੂੰ ਸਮਰਪਿਤ ਕਰਵਾਏ ਜਾ ਰਹੇ ਇਸ ਗਜ਼ਲ ਪ੍ਰੋਗਰਾਮ ਵਿਚ ਜਿੱਥੇ ਪ੍ਰਸਿੱਧ ਗਜ਼ਲ ਗਾਇਕ ਸੁਨੀਲ ਡੋਗਰਾ ਸਰੋਤਿਆਂ ਦੇ ਰੂ-ਬ-ਰੂ ਹੋਣਗੇ ਉਥੇ ਹੀ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਮੁਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ ਉਥੇ ਹੀ ਡਾ. ਸੰਜੀਵ ਗੌਤਮ (ਸੂਬਾ ਪ੍ਰਧਾਨ ਡਾਕਟਰ ਵਿੰਗ ਪੰਜਾਬ) ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ। ਉਹਨਾਂ ਦੱਸਿਆ ਕਿ ਇਸ ਮੌਕੇ ਜੈ ਸਿੰਘ ਛਿੱਬਰ (ਪ੍ਰਧਾਨ ਚੰਡੀਗੜ੍ਹ ਜਰਨਲਿਸਟ ਯੂਨੀਅਨ) ਵਲੋਂ ਵਾਤਾਵਰਨ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ ਉਥੇ ਹੀ 5 ਸਾਲਾ ਬਾਲ ਪਰਬਤਰੋਹੀ ਤੇਗਬੀਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਪ੍ਰਸਿੱਧ ਗ਼ਜ਼ਲ ਗਾਇਕ ਸੁਨੀਲ ਡੋਗਰਾ, ਸੁਰਜੀਤ ਸਿੰਘ ਰਾਣਾ (ਐਮ ਡੀ ਸਕਾਈਲਾਰਕ ਇਮੀਗ੍ਰੇਸ਼ਨ), ਸਰਬਜੀਤ ਸਿੰਘ ਰੈਣੂ (ਜਿਲ੍ਹਾ ਪ੍ਰਧਾਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ), ਮਾ. ਸੰਜੀਵ ਧਰਮਾਣੀ ਪ੍ਰਧਾਨ ਆਸਰਾ ਫਾਊਂਡੇਸ਼ਨ, ਨਵੀਨ ਕੁਮਾਰ, ਅੰਕੁਸ਼ ਕੁਮਾਰ, ਜਸਦੀਪ ਸਿੰਘ ਧਾਰੀਵਾਲ, ਧੀਰਜ ਘਈ, ਦੁਰੋਹੀਨ ਘਈ ਆਦਿ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਨੈਸ਼ਨਲ ਕੰਟੈਸਟ 2024 ਚ ਡੀਏਵੀ ਯੂਨੀਵਰਸਿਟੀ ਦਾ ਵਿਦਿਆਰਥੀ ਕਰਨ ਸਾਹਿਬ ਸਿੰਘ ਤੀਸਰੇ ਨੰਬਰ ਤੇ ਰਿਹਾ




ਆਦਮਪੁਰ,( ਲੋਕ ਬਾਣੀ ) ਨੌਜਵਾਨਾਂ ਚ ਵੱਧ ਰਹੀ ਰੈਗਿੰਗ ਨੂੰ ਲੈ ਕੇ ਨੈਸ਼ਨਲ ਕੰਟੈਸਟ 2024 ਕਰਵਾਇਆ ਗਿਆ ਜਿਸ ਵਿੱਚ ਐਂਟੀ ਰੈਗਿੰਗ ਦੇ ਵਿਰੁੱਧ ਚ ਯੂ ਟਿਊਬ ਵੀਡੀਓ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ 2620 ਵਿਦਿਆਰਥੀਆਂ ਨੇ ਭਾਗ ਲਿਆ ਇਸ ਕੰਟੈਸਟ ਦਾ ਮਕਸਦ ਰੈਗਿੰਗ ਨੂੰ ਕਾਲਜ ਯੂਨੀਵਰਸਿਟੀ ਚ ਰੋਕਣ ਦੇ ਨਾਲ ਨਾਲ ਇੱਕ ਵੀਡੀਓ ਬਣਾ ਕੇ ਵਧੀਆ ਮੈਸੇਜ ਦੇਣਾ ਸੀ ਜਿਸ ਵਿੱਚ ਜਿੱਥੇ ਸਾਇੰਸ ਯੂਨੀਵਰਸਿਟੀ ਰਾਏਪੁਰ ਦਾ ਵਿਦਿਆਰਥੀ ਪਹਿਲਾਂ ਸਥਾਨ ਤੇ ਕੋਹਲਾਪੁਰ ਦਾ ਵਿਦਿਆਰਥੀ ਨੇ ਜਿੱਥੇ ਦੂਸਰਾ ਸਥਾਨ ਪ੍ਰਾਪਤ ਕੀਤਾ ਉਥੇ ਪੰਜਾਬ ਦੇ ਵਿੱਚੋਂ ਡੀ ਏ ਵੀ ਯੂਨੀਵਰਸਿਟੀ ਦੇ ਵਿਦਿਆਰਥੀ ਕਰਨ ਸਾਹਿਬ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਜਿੱਥੇ ਡੀਏਵੀ ਯੂਨੀਵਰਸਿਟੀ ਦੇ ਨਾਮ ਉੱਚਾ ਕੀਤਾ ਉੱਥੇ ਪੰਜਾਬ ਦਾ ਨਾਮ ਦੇਸ਼ ਭਰ ਚ ਰੋਸ਼ਨ ਕੀਤਾ ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦੇ ਕਰਨ ਸਾਹਿਬ ਸਿੰਘ ਨੇ ਕਿਹਾ ਕਿ ਮੈਡਮ ਮਨਪ੍ਰੀਤ ਕੌਰ ਹੈਡ ਆਫ ਡਿਪਾਰਟਮੈਂਟ ਜਨਰਲਿਸਮ ਮਾਸਕ ਕਮਨੀਕੇਸ਼ਨ ਦੀ ਮਿਹਨਤ ਰੈਗਿੰਗ ਤੇ ਉਹਨਾਂ ਦੀ ਟੀਮ ਬਹੁਤ ਵਧੀਆ ਮੈਸੇਜ ਦੇਣ ਲਈ ਕਈ ਵਾਰ ਵੀਡੀਓ ਕੀਤੀ ਪਰ ਇਸ ਵਾਰ ਪਰਮਾਤਮਾ ਨੇ ਉਹਨਾਂ ਦੀ ਸੁਣੀ ਤੇ ਉਹ ਇਸ ਕੰਟੈਸਟ ਚੋ ਤੀਸਰੇ ਨੰਬਰ ਤੇ ਰਹੇ ਤੇ ਅੱਜ ਉਹਨਾਂ ਨੂੰ ਇਹ ਖੁਸ਼ੀ ਹੈ ਉਹਨਾਂ ਨੇ ਆਪਣੇ ਅਧਿਆਪਕਾਂ ਤੇ ਯੂਨੀਵਰਸਿਟੀ ਦੇ ਪ੍ਰਬੰਧਕਾਂ ਦਾ ਵੀ ਧੰਨਵਾਦ ਕੀਤਾ

# ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਨੇ ਵਕ਼ਫ਼ ਐਕਟ ਦਾ ਡੱਟ ਕੇ ਕੀਤਾ ਵਿਰੋਧ

ਮਾਲੇਰਕੋਟਲਾ ( ਕਿਮੀ ਅਰੋੜਾ)

ਬੀਤੇ ਦਿਨੀ ਲੋਕ ਸਭਾ ਦੇ ਇਜਲਾਸ ਦੌਰਾਨ ਸੰਸਦੀ ਕਾਰਜ ਅਤੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਕਿਰੇਨ ਰਿਜਿਜੂ ਵਲੋਂ ਵਕ਼ਫ਼ ਐਕਟ 1995 ਚ ਸੋਧ ਲਈ ਵਕ਼ਫ਼ ਬਿੱਲ 2024 ਪੇਸ਼ ਬਿਲ ਦੀ, ਅੱਜ ਮੁਸਲਿਮ ਭਾਈਚਾਰੇ ਨਾਲ ਸਬੰਧਤ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਵਕਫ ਬੋਰਡ ਸੋਧ ਬਿਲ ਦਾ ਜਮ ਕੇ ਵਿਰੋਧ ਕੀਤਾ। ਇਸ ਬਿੱਲ ਨੂੰ ਲੈ ਕੇ ਕਿਹਾ ਕਿ ਮੁਸਲਿਮ ਭਾਈਚਾਰਾ ਮੌਜੂਦਾ ਵਕ਼ਫ਼ ਐਕਟ ਵਿਚ ਕਿਸੇ ਵੀ ਤਰ੍ਹਾਂ ਦੀ ਸੋਧ ਨੂੰ ਮਨਜ਼ੂਰ ਨਹੀਂ ਕਰੇਗਾ।




ਵਿਧਾਇਕ ਮਾਲੇਰਕੋਟਲਾ ਵੱਲੋ ਪ੍ਰੈਸ ਕਾਨਫੰਰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 25, 26, 27 ਅਤੇ 28 ਦੇ ਆਧਾਰ ਤੇ ਅਸੀਂ ਆਪਣੀ ਪਸੰਦ ਦੇ ਕਿਸੇ ਵੀ ਧਰਮ ਦਾ ਪ੍ਰਚਾਰ, ਅਭਿਆਸ ਅਤੇ ਪ੍ਰਸਾਰ ਕਰਨ ਲਈ ਆਜ਼ਾਦ ਹਾਂ। ਭਾਰਤ ਸਰਕਾਰ ਨੇ, ਆਜ਼ਾਦੀ ਤੋਂ ਬਾਅਦ, ਵਕ਼ਫ਼ ਸੰਪਤੀਆਂ ਨੂੰ ਵਕ਼ਫ਼ ਐਕਟ, 1954 ਦੀ ਇੱਕ ਛਤਰ ਛਾਇਆ ਵਿੱਚ ਲੈਕੇ ਉਨ੍ਹਾਂ ਦੀ ਪਵਿੱਤਰਤਾ ਅਤੇ ਸਨਮਾਨ ਨੂੰ ਕਾਇਮ ਰੱਖਣ ਲਈ ਵਕ਼ਫ਼ ਸੰਪਤੀਆਂ ਦਾ ਸਹੀ ਢੰਗ ਨਾਲ ਪ੍ਰਬੰਧਨ ਅਤੇ ਸਾਂਭ-ਸੰਭਾਲ ਕਰਨ ਲਈ ਇੱਕ ਰਸਤਾ ਪ੍ਰਦਾਨ ਕੀਤਾ ਹੈ। ਰਾਜ ਦਾ ਵਕ਼ਫ਼ ਬੋਰਡ ਵਿਧਾਨਿਕ ਬੋਰਡ ਹੈ। ਇਸ ਵਿੱਚ 1995 ਅਤੇ 2013 ਵਿੱਚ ਪਹਿਲਾ ਹੀ ਸੋਧਾਂ ਕੀਤੀਆਂ ਜਾ ਚੁੱਕੀਆਂ ਹਨ।

ਉਨ੍ਹਾਂ ਇਸ ਨੂੰ ਮੌਲਿਕ ਅਧਿਕਾਰਾਂ ਦੀ ਉਲੰਘਣਾ ਦੱਸਦਿਆਂ ਕਿਹਾ ਕਿ ਵਕ਼ਫ਼ ਬਿੱਲ 2024 ਚ ਸੋਧ ਕਿਸੇ ਵੀ ਹਾਲ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਸੋਧ ਬਿੱਲ ਰਾਜ ਅਤੇ ਵਕ਼ਫ਼ ਬੋਰਡ ਦੇ ਬੁਨਿਆਦੀ ਅਤੇ ਸੰਵਿਧਾਨਕ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਸੋਧ ਬਿੱਲ ਰਾਹੀਂ ਕੇਂਦਰ ਸਰਕਾਰ ਨੇ ਧਾਰਾ 40 ਨੂੰ ਹਟਾ ਕੇ ਵਕ਼ਫ਼ ਬੋਰਡਾਂ ਨੂੰ ਕਮਜ਼ੋਰ ਕਰਨ ਦੇ ਮਨਸੂਬੇ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ। ਉਨ੍ਹਾਂ ਹੋਰ ਕਿਹਾ ਕਿ ਧਾਰਾ 104 ਨੂੰ ਛੱਡਣਾ, ਭਾਵ ਇਸਲਾਮ ਦਾ ਦਾਅਵਾ ਨਾ ਕਰਨ ਵਾਲੇ ਵਿਅਕਤੀਆਂ ਦੁਆਰਾ ਦਾਨ ਕੀਤੀਆਂ ਜਾਇਦਾਦਾਂ, ਸੰਵਿਧਾਨ ਦੇ ਅਨੁਛੇਦ 21 ਦੇ ਅਧੀਨ ਪਰਿਭਾਸ਼ਿਤ ਕੀਤੇ ਗਏ ਵਿਅਕਤੀ ਦੀ ਨਿੱਜੀ ਸੁਤੰਤਰਤਾ ਦੀ ਦੁਬਾਰਾ ਉਲੰਘਣਾ ਹੈ। ਇਸ ਤੋਂ ਇਲਾਵਾ ਧਾਰਾ 107, 108, 108-ਏ ਨੂੰ ਛੱਡਣ ਨਾਲ ਮੁਸਲਿਮ ਭਾਈਚਾਰੇ ਦੇ ਹਿੱਤਾਂ ਨੂੰ ਖ਼ਤਰੇ ਵਿਚ ਪਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਘੱਟ ਗਿਣਤੀਆਂ ਲਈ ਬਹੁਤ ਘਾਤਕ ਹੈ। ਭਾਜਪਾ ਸਰਕਾਰ ਜਾਣ- ਬੁੱਝ ਕੇ ਮੁਸਲਿਮ ਸਮਾਜ ਦੇ ਅੰਦਰੂਨੀ ਮਸਲਿਆਂ ਚ ਦਖਲ ਦੇ ਰਹੀ ਹੈ।ਭਾਜਪਾ ਇਹ ਬਿੱਲ ਲਿਆ ਕੇ ਧਰਮ ਅਤੇ ਆਸਥਾ ਤੇ ਹਮਲਾ ਕਰ ਰਹੀ ਹੈ ਬਿੱਲ ਮੁਸਲਮਾਨਾਂ ਨਾਲ ਬੇਇਨਸਾਫੀ ਕਰਨ ਵਰਗਾ ਹੈ। ਇਹ ਇੱਕ ਵੱਡੀ ਗਲਤੀ ਦੀ ਤਰ੍ਹਾਂ ਹੈ, ਜਿਸ ਦੇ ਸਦੀਆਂ ਤੱਕ ਨਤੀਜੇ ਭੁਗਤਣੇ ਪੈਣਗੇ, ਇਹ ਕਿਸੇ ਵੀ ਧਰਮ ਵਿਚ ਦਖਲ ਦੇਣ ਦੇ ਬਰਾਬਰ ਹੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਵਕਫ ਬੋਰਡ ਨਿਰੋਲ ਧਾਰਮਿਕ ਆਦਾਰਾ ਹੈ। ਜੋ ਕਿ ਮੁਸਲਿਮ ਸਮਾਜ ਦੀ ਭਲਾਈ ਲਈ ਕੰਮ ਕਰਦਾ ਹੈ। ਵਕਫ ਬੋਰਡ ਅਧੀਨ ਆਉਂਦੇ ਆਦਾਰੇ ਜਿਵੇ ਕਿ ਸਕੂਲ, ਕਾਲਜ ਅਤੇ ਹਸਪਤਾਲ ਅੱਜ ਜੰਗੀ ਪੱਧਰ ਤੇ ਚੱਲ ਰਹੇ ਹਨ। ਮੌਜੂਦਾ ਭਾਜਪਾ ਸਰਕਾਰ ਜੋ ਕਿ ਸਿਰਫ ਧਰਮ ਦੀ ਰਾਜਨੀਤੀ ਕਰਦੀ ਹੈ, ਨੂੰ ਬਰਦਾਸ਼ਤ ਨਹੀਂ ਹੋ ਰਿਹਾ। ਉਨ੍ਹਾਂ ਅੱਗੇ ਕਿਹਾ ਕਿ ਵਕਫ ਬੋਰਡ ਸੋਧ ਬਿੱਲ ਮੁਸਲਮਾਨਾਂ ਦੇ ਅਧਿਕਾਰਾਂ ਖਿਲਾਫ ਹੈ , ਇਹ ਬਿੱਲ ਧਰਮ ਵਿੱਚ ਦਖਲ-ਅੰਦਾਜੀ ਹੈ। ਜੇਕਰ ਇਹ ਬਿੱਲ ਪਾਰਿਤ ਹੁੰਦਾ ਹੈ ਤਾਂ ਦੇਸ਼ ਵਿੱਚ ਕੋਈ ਵੀ ਘੱਟ ਗਿਣਤੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰੇਗੀ।

ਜਿਕਰਯੋਗ ਹੈ ਕਿ ਬੀਤੇ ਦਿਨੀ ਦੇਸ਼ ਦੀ ਪਾਰਲੀਮੈਂਟ ਵਿੱਚ ਵਕਫ ਬੋਰਡ ਸੋਧ ਬਿੱਲ ਨੂੰ ਪੇਸ਼ ਕਰਦਿਆਂ 40 ਤੱਥਾਂ ਚ ਤਬਦੀਲੀ ਕਰਨ ਬਾਰੇ ਕਿਹਾ ਗਿਆ ਹੈ। ਜਿਸਨੂੰ ਆਉਣ ਵਾਲੇ ਪਾਰਲੀਮੈਂਟ ਇਜਲਾਸ ਦੌਰਾਨ ਪਾਸ ਕੀਤਾ ਜਾਣਾ ਹੈ। ਜਿਸ ਕਰਕੇ ਉਕਤ ਬਿੱਲ ਨੂੰ ਪਾਰਲੀਮੈਂਟ ਵਿੱਚ ਪਾਸ ਨਾ ਕਰਵਾਉਣ ਦੀ ਸੂਰਤ ਵਿੱਚ ਵਿਰੋਧਤਾ ਕੀਤੀ ਜਾ ਰਹੀ ਹੈ।

ਅੰਤ ਉਨਾਂ ਕਿਹਾ ਕਿ ਮੇਰੇ ਸਮੇਤ ਆਮ ਆਦਮੀ ਪਾਰਟੀ ਵੀ ਉਕਤ ਬਿੱਲ ਦੇ ਵਿਰੋਧ ਚ ਡੱਟ ਕੇ ਮੁਸਲਿਮ ਵਰਗ ਨਾਲ ਖੜੀ ਹੈ ਅਤੇ ਕਿਸੇ ਵੀ ਸੂਰਤ ਵਿੱਚ ਉਕਤ ਬਿੱਲ ਨੂੰ ਪਾਸ ਨਹੀਂ ਹੋਣ ਦਿੱਤਾ ਜਾਵੇਗਾ।

ਇਸ ਮੌਕੇ ਪ੍ਰਧਾਨ ਘੱਟ ਗਿਣਤੀਆਂ ਸ਼ੈਲ ਜਾਫਰ ਅਲੀ ਬਲਾਕ ਪ੍ਰਧਾਨ ਚੰਦ ਸਿੰਘ , ਸਾਬਰ ਅਲੀ ਰਤਨ , ਗੁਰਮੀਤ ਸਿੰਘ, ਦਰਸ਼ਨ ਸਿੰਘ ਦਰਦੀ, ਅਬਦੁਲ ਹਲੀਮ ਮਿਲਕੋਵੈਲ, ਕਰਮਜੀਤ ਸਿੰਘ, ਅਸਲਮ ਭੱਟੀ, ਚਰਨਜੀਤ ਸਿੰਘ, (ਸਾਰੇ ਬਲਾਕ ਪ੍ਰਧਾਨ) ਪੀ ਏ ਐੱਮ ਐੱਲ ਏ ਮਲੇਰਕੋਟਲਾ ਗੁਰਮੁੱਖ ਸਿੰਘ, ਸੰਤੋਖ ਸਿੰਘ ਪ੍ਰਧਾਨ ਟਰੱਕ ਯੂਨੀਅਨ ,ਜਗਤਾਰ ਸਿੰਘ ਜੱਸਲ ,ਯਾਸਰ ਅਰਾਫਾਤ ,ਅਬਦੁਲ ਸ਼ਕੂਰ ,ਯਾਸੀਨ ਨੇਸਤੀ , ਮੁਹੰਮਦ ਦਿਲਬਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਵੀ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਹਿੰਦੀ ਵਿਭਾਗ ਅਤੇ ਲਾਇਬ੍ਰੇਰੀ ਦਾ ਦੌਰਾ



ਦੀਨਾਨਗਰ (ਡਾ.ਰਮੇਸ਼ ਸਰੰਗਲ ) ਸ਼ਾਂਤੀ ਦੇਵੀ ਆਰੀਆ ਮਹਿਲਾ ਭਾਸ਼ਾ, ਦੀਨਾਨਗਰ ਦੇ ਡਿਗਰੀ ਪੋਸਟ ਹਿੰਦੀ ਵਿਭਾਗ ਨੇ ਪ੍ਰਚਾਰਿਆ ਡਾ. ਸੁਸ਼ਮਾ ਗੁਪਤਾ ਅਤੇ ਵਿਭਾਗ ਨਿਰਦੇਸ਼ਕ ਡਾ. ਪੂਨਮ ਮਹਾਜਨ ਦੇ ਨਿਰਦੇਸ਼ਾਂ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਦੌਰਾ ਕੀਤਾ। ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਪ੍ਰਧਾਨ, ਡੀਨ ਭਾਸ਼ਾ ਸੰਕਾਯ ਪ੍ਰੋਫੇਸਰ ਡਾਕਟਰ ਸੁਨੀਲ ਕੁਮਾਰ ਨੇ ਵਿਦਿਆਰਥੀ ਕੋਪਿਟੇਟਿਵ ਏਜਮਜ਼ ਅਤੇ ਤਰੱਕੀ ਦੇ ਕੀ ਮੌਕੇ ਹਨ ਅਪਨਾ ਮੁੱਲਵਾਨ ਵਿਆਖਿਆ ਕਰਦੇ ਹਨ। ਯੂਨੀਵਰਸਿਟੀ ਦੇ ਭਾਈ ਗੁਰਦਾਸ ਲਾਇਬ੍ਰੇਰੀ ਵਿੱਚ ਜਾ ਕੇ ਕਿਤਾਬੀ ਹੁਨਰ ਦੇ ਗੁਰ ਸਿੱਖੇ।

ਤੁਹਾਡੇ ਹੇਠਾਂ ਦੇ ਸਮੇਂ ਦਾ ਸਦੁਪਯੋਗ ਕਰਦੀ ਹੈ। ਇਹ ਦੌਰਾ ਕਾ ਬਚਾਓ ਅਗਵਾਈ ਡਾ. ਡਿੰਪਲ ਸ਼ਰਮਾ, ਪ੍ਰੋ. ਪ੍ਰਿਆ ਠਾਕੁਰ ਅਤੇ ਪ੍ਰੋ. ਮਨਪ੍ਰੀਤ ਦੁਆਰਾ ਕੀਤਾ ਗਿਆ। ਵਿਦਿਆਰਥੀਆਂ ਨੇ ਰਾਮਤੀਰਥ ਮੰਦਰ ਜਾ ਕੇ ਸ਼ਾਂਤੀ ਅਤੇ ਦਿਵਯ ਸ਼ਕਤੀ ਨੂੰ ਅਨੁਭਵ ਕੀਤਾ। ਇਸ ਦੇ ਬਾਅਦ ਵਿਦਿਆਰਥੀ ਦੇ ਵਿਚਾਰਾਂ ਬਾਰੇ ਜਾਣਕਾਰੀ ਦਿੱਤੀ ਗਈ ਸੀ ਕਿ ਇਸ ਤਰ੍ਹਾਂ ਦੇ ਸਰਥਕ ਦੌਰੇ ਹੋਏ ਸਨ। ਉਤਸ਼ਾਹ ਤੋਂ ਭਰੇ ਵਿਦਿਆਰਥੀ ਨੇ ਆਪਣੇ ਦੋਸਤਾਂ ਅਤੇ ਅਧਿਆਪਕਾਂ ਨਾਲ ਮੁਲਾਕਾਤ ਦਾ ਆਨੰਦ ਲਿਆ। ਇਹ ਦੌਰਾ ਸਭ ਯਾਦਗਰ ਬਣ ਕੇ ਰਹਿ ਗਿਆ ਅਤੇ ਇਸਨੇ ਊਰਜਾ, ਉਤਸ਼ਾਹ ਅਤੇ ਯਾਦਗਰ ਯਾਦਾਂ ਤੋਂ ਭਰਿਆ ਹੈ

ਰੋਜ਼ਾਨਾ ਲੋਕ ਬਾਣੀ
www.lokbani

# ਕੰਮ ਠੱਪ ਕਰਕੇ 3 ਦਿਨ ਦੀ ਸਮੂਹਿਕ ਛੁੱਟੀ ਤੇ ਗਏ ਬਿਜਲੀ ਮੁਲਾਜਮਾਂ ਵੱਲੋਂ ਗੇਟ ਰੈਲੀਆਂ

ਲੁਧਿਆਣਾ (ਵਰਿੰਦਰ ਪ੍ਰਕਾਸ਼ ਭਾਂਬਰੀ/ਸੁਖਚੈਨ ਮਹਿਰਾ) ਜੁਆਇੰਟ ਫੋਰਮ ਅਤੇ ਏਕਤਾ ਮੰਚ ਵੱਲੋਂ ਜੂਨੀਅਰ ਇੰਜੀਨੀਅਰ ਐਸੋਸੀਏਸ਼ਨ ਦੇ ਸਹਿਯੋਗ ਨਾਲ 3 ਦਿਨ ਦੀ ਸਮੂਹਿਕ ਛੁੱਟੀ ਲੈਕੇ ਸ਼ੁਰੂ ਕੀਤੀ ਔਜਾਰ ਤੇ ਕਲਮ ਛੋੜ ਹੜਤਾਲ ਦੇ ਪਹਿਲੇ ਹੀ ਪੰਜਾਬ ਭਰ ਚੋਂ ਭਰਵਾਂ ਹੁੰਗਾਰਾ ਮਿਲਿਆ। ਦਿੱਤੇ ਪ੍ਰੋਗਰਾਮਾਂ ਦੀ ਲੜੀ ਤਹਿਤ ਬਿਜਲੀ ਬੋਰਡ ਦੇ ਕਾਮਿਆਂ ਵੱਲੋਂ ਡਵੀਜ਼ਨਾਂ ਅਤੇ ਸਬ ਡਵੀਜ਼ਨਾਂ ਦੇ ਦਫਤਰਾਂ ਅੱਗੇ ਅੱਜ ਗੇਟ ਰੈਲੀਆਂ ਕਰਕੇ ਪੰਜਾਬ ਸਰਕਾਰ, ਮੁੱਖ ਮੰਤਰੀ, ਬਿਜਲੀ ਮੰਤਰੀ ਅਤੇ ਬਿਜਲੀ ਬੋਰਡ ਦੀ ਮੇਨੈਜਮੈਂਟ ਦਾ ਪਿੱਟ ਸਿਆਪਾ ਕੀਤਾ ਗਿਆ। ਸੁੰਦਰ ਨਗਰ ਡਵੀਜ਼ਨ ਦੇ ਬਾਹਰ ਟੀ ਐਸ ਯੂ ਦੇ ਸੂਬਾ ਜੱਥੇਬੰਦਕ ਸਕੱਤਰ ਐਡੀਸ਼ਨਲ ਐਸ ਡੀ ਓ ਰਘਵੀਰ ਸਿੰਘ ਰਾਮਗੜ੍ਹ ਅਤੇ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਡਵੀਜ਼ਨ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਦੂਦਾਂ ਦੀ ਅਗਵਾਈ ਹੇਠ ਗੇਟ ਰੈਲੀ ਕੀਤੀ ਗਈ ਜਿਸ ਵਿੱਚ ਰਿਟਾਇਰਡ ਮੁਲਾਜਮਾਂ ਨੇ ਵੀ ਭਾਗ ਲਿਆ। ਇਸ ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਰਾਮਗੜ੍ਹ ਅਤੇ ਮਹਿਦੂਦਾਂ ਨੇ ਸਮੂਹਿਕ ਛੁੱਟੀ ਭਰਕੇ ਸਾਂਝੇ ਘੋਲ ਚ ਸ਼ਾਮਿਲ ਹੋਏ ਸਾਰੇ ਬਿਜਲੀ ਮੁਲਾਜਮਾਂ ਦਾ ਧੰਨਵਾਦ ਕੀਤਾ ਅਤੇ ਸੰਘਰਸ਼ ਨੂੰ ਜਲਦੀ ਜਿੱਤਣ ਲਈ ਘੋਲ ਤੋਂ ਬਾਹਰ ਰਹਿੰਦੇ ਕੁਝ ਕੁ ਸਾਥੀਆਂ ਨੂੰ ਵੀ ਛੁੱਟੀਆਂ ਭਰਕੇ ਇਸਦਾ ਹਿੱਸਾ ਬਣਨ ਦੀ ਅਪੀਲ ਕੀਤੀ। ਸਰਕਾਰ ਅਤੇ ਮੇਨੈਜਮੈਂਟ ਤੇ ਵਰਦਿਆਂ ਦੋਵਾਂ ਆਗੂਆਂ ਨੇ ਕਿਹਾ ਕਿ ਸਾਡੇ ਸਬਰ ਦਾ ਇਮਤਿਹਾਨ ਲੈਣ ਦੀ ਬਜਾਏ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨ ਦਾ ਸਰਕੂਲਰ ਤੁਰੰਤ ਜਾਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਮੰਗਾਂ ਦਾ ਸਰਕੂਲਰ ਜਾਰੀ ਨਹੀਂ ਹੋ ਜਾਂਦਾ ਓਦੋਂ ਤੱਕ ਸਾਰੇ ਬਿਜਲੀ ਮੁਲਾਜਮ ਸਮੂਹਿਕ ਛੁੱਟੀ ਤੇ ਹੀ ਰਹਿਣਗੇ। ਉਨ੍ਹਾਂ ਸਾਫ ਕੀਤਾ ਕਿ ਲੋੜ ਪੈਣ ਤੇ 3 ਦਿਨ ਦੀ ਸਮੂਹਿਕ ਛੁੱਟੀ ਨੂੰ ਹੋਰ ਵਧਾ ਦਿੱਤਾ ਜਾਵੇਗਾ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਲੋਕਾਂ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਦੇ ਦੋਸ਼ੀ ਬਿਜਲੀ ਮੁਲਾਜਮ ਨਹੀਂ ਬਲਕਿ ਵਾਅਦਿਆ ਤੋਂ ਭੱਜੀ ਸਰਕਾਰ ਅਤੇ ਮੇਨੈਜਮੈਂਟ ਹੈ। ਇਸ ਲਈ ਚੱਲ ਰਹੇ ਸੰਘਰਸ਼ ਨੂੰ ਸਹਿਯੋਗ ਦੇਕੇ ਇਸਨੂੰ ਲੋਕ ਲਹਿਰ ਬਣਾਇਆ ਜਾਵੇ। ਇਸ ਮੌਕੇ ਦੀਪਕ ਕੁਮਾਰ, ਧਰਮਪਾਲ, ਹਿਰਦੇ ਰਾਮ, ਕਮਲਦੀਪ ਰਣੀਆਂ, ਗੁਰਜੀਤ ਸਿੰਘ, ਬਲਵੀਰ ਸਿੰਘ, ਹਰਜਿੰਦਰ ਸਿੰਘ, ਕਮਲਦੀਪ ਸਿੰਘ, ਸਾਹਿਲ ਚੌਧਰੀ, ਜੋਗਿੰਦਰ ਸਿੰਘ, ਸੁੱਖਵਿੰਦਰ ਸਿੰਘ, ਹਰਪ੍ਰੀਤ ਸਿੰਘ, ਸ਼ਿਵ ਕੁਮਾਰ, ਮਨਜੀਤ, ਨਰਿੰਦਰ ਸਿੰਘ, ਰਮੇਸ਼ ਕੁਮਾਰ ਹੋਰ ਪੈਨਸ਼ਨਰਜ਼ ਮੁਲਾਜਮ ਹਾਜਰ ਸਨ।



# ਜਨਮ ਦਿਨ ਮੁਬਾਰਕ




ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਦਲਜੀਤ ਰਾਜੂ ਜੀ ਨੂੰ ਉਹਨਾ ਦੇ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ

# ਪੁਲਿਸ ਨੂੰ ਸੇਵਾਮੁਕਤ ਫੌਜੀ ਦੇ ਘਰ ਵੜਨਾ ਪਿਆ ਮਹਿੰਗਾ, ਹਾਈਕੋਰਟ ਨੇ 3 ਪੁਲਿਸ ਮੁਲਾਜ਼ਮ ਕੀਤੇ ਸਸਪੈਂਡ



ਲੁਧਿਆਣਾ, (ਲੋਕ ਬਾਣੀ-) ਥਾਣਾ ਡਾਬਾ ਅਧੀਨ ਪੈਂਦੇ ਇਲਾਕੇ ਵਿੱਚ ਰਹਿੰਦੇ ਸੇਵਾ ਮੁਕਤ ਹਵਾਈ ਫੌਜ ਦੇ ਅਧਿਕਾਰੀ ਵੱਲੋਂ ਅੱਜ ਇੱਕ ਪ੍ਰੈਸ ਕਾਨਫਰੰਸ ਕਰ ਕੇ ਹਾਈਕੋਰਟ ਦੇ ਹੁਕਮਾਂ ਤੇ ਕੀਤੀ ਗਈ ਕਾਰਵਾਈ ਸਬੰਧੀ ਜਾਣਕਾਰੀ ਸਾਂਝੀ ਕੀਤੀ। ਤਕਰੀਬਨ 35 ਸਾਲ ਦੇਸ਼ ਦੀ ਸੇਵਾ ਕਰਨ ਵਾਲੇ ਸਾਬਕਾ ਫੌਜੀ ਨੇ ਦੱਸਿਆ ਕਿ ਉਸਦੇ ਘਰ ਬਿਨਾਂ ਦੱਸੇ ਅਤੇ ਬਿਨਾਂ ਕਿਸੇ ਕੰਮ ਤੋਂ ਅੱਧੀ ਰਾਤ ਨੂੰ ਪੁਲਿਸ ਮੁਲਾਜ਼ਮ ਆਏ ਸਨ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਗਿਰਫ਼ਤਾਰ ਕਰ ਥਾਣੇ ਲੈ ਗਏ। ਤਕਰੀਬਨ ਨੌ ਮਹੀਨੇ ਬੀਤ ਜਾਣਾ ਤੇ ਵੀ ਪੁਲਿਸ ਵੱਲੋਂ ਚਲਾਨ ਪੇਸ਼ ਨਹੀਂ ਕੀਤਾ ਗਿਆ। ਪੀੜਿਤ ਪਰਿਵਾਰ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ, ਜਿੱਥੋਂ ਪੀੜਿਤ ਪਰਿਵਾਰ ਨੂੰ ਕੁਝ ਰਾਹਤ ਮਿਲਦਿਆਂ ਕਈ ਪੁਲਿਸ ਮੁਲਾਜ਼ਮਾਂ ਉੱਪਰ ਗਾਜਗਿਰੀ।

## ਹਾਈਕੋਰਟ ਨੇ 3 ਪੁਲਿਸ ਮੁਲਾਜ਼ਮਾਂ ਨੂੰ ਕਰ ਦਿੱਤਾ ਸਸਪੈਂਡ

ਮਾਨਯੋਗ ਹਾਈਕੋਰਟ ਵੱਲੋਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ, ਜਿਸ ਦੇ ਚਲਦਿਆਂ ਲੁਧਿਆਣਾ ਪੁਲਿਸ ਕਮਿਸ਼ਨਰ ਨੇ 3 ਪੁਲਿਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਹੈ। ਜਿਨਾਂ ਵਿੱਚੋਂ ਇੱਕ ਹੋਮ ਗਾਰਡ ਸੀ, ਜਿਸ ਦੇ ਵਿਭਾਗ ਨੂੰ ਲਿਖ ਦਿੱਤਾ ਗਿਆ ਹੈ ਇੱਕ ਹੋਰ ਤੇ ਵੀ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ। ਪਰ ਪੀੜਿਤ ਪਰਿਵਾਰ ਦਾ ਕਹਿਣਾ ਹੈ ਕਿ ਉਹਨਾਂ ਦੀ ਸਾਖ ਨੂੰ ਢਾਹ ਲੱਗੀ ਹੈ ਅਤੇ ਇਸ ਨੂੰ ਲੈ ਕੇ ਉਹ ਮਾਨਹਾਨੀ ਦਾ ਦਾਅਵਾ ਵੀ ਕਰਨਗੇ ਕਿਉਂਕਿ ਅਜੇ ਵੀ ਕਈ ਆਰੋਪੀ ਅਜਿਹੇ ਹਨ, ਜਿਹਨਾਂ ਉੱਪਰ ਕਾਰਵਾਈ ਨਹੀਂ ਹੋਈ।

## ਮਾਨਹਾਨੀ ਦਾ ਕਰਨਗੇ ਦਾਅਵਾ

ਇਸ ਤੋਂ ਪਹਿਲਾਂ ਪੀੜਿਤ ਪਰਿਵਾਰ ਵੱਲੋਂ ਇੱਕ ਸੀਸੀਟੀਵੀ ਸਬੂਤ ਦੇ ਤੌਰ ਤੇ ਹਾਈ ਕੋਰਟ ਦੇ ਵਿੱਚ ਪੇਸ਼ ਕੀਤੀ ਗਈ ਸੀ, ਜਿਸ ਦੇ ਵਿੱਚ ਸਾਫ ਸਾਫ ਦਿਖਾਈ ਦੇ ਰਿਹਾ ਹੈ ਕਿ ਪੁਲਿਸ ਮੁਲਾਜ਼ਮ ਪੌੜੀ ਲਾ ਕੇ ਘਰ ਦੇ ਅੰਦਰ ਦਾਖਲ ਹੋ ਰਹੇ ਹਨ। ਜਿਸ ਦੇ ਆਧਾਰ ਉੱਪਰ ਹੀ ਵੱਡੀ ਕਾਰਵਾਈ ਕੀਤੀ ਗਈ ਸੀ। ਪੁਲਿਸ ਮੁਲਾਜ਼ਮਾਂ ਨੂੰ ਸਸਪੈਂਡ ਕੀਤਾ ਗਿਆ ਸੀ ਪਰ ਪੀੜਿਤ ਪਰਿਵਾਰ ਦਾ ਕਹਿਣਾ ਹੈ ਕਿ ਉਸ ਨੇ ਆਪਣੀ ਅੱਧੀ ਤੋਂ ਜਿਆਦਾ ਉਮਰ ਦੇਸ਼ ਦੀ ਸੇਵਾ ਵਿੱਚ ਲਗਾ ਦਿੱਤੀ ਹੈ। ਉਸ ਨੇ ਭਰੇ ਮਨ ਨਾਲ ਕਿਹਾ ਹੈ ਕਿ ਉਹ ਉਸਦੀ ਸਾਖ ਨੂੰ ਢਾਹ ਲੱਗੀ ਹੈ ਜਿਸ ਨੂੰ ਲੈ ਕੇ ਹੁਣ ਉਹ ਮਾਨਹਾਨੀ ਦਾ ਦਾਅਵਾ ਕਰਨਗੇ।

# ਕਾਨਪੁਰ ਚ ਪੁਲਿਸ ਹੈੱਡ ਕਾਂਸਟੇਬਲ ਤੋਂ ਬਾਅਦ ਵਿਕਾਸ ਅਥਾਰਟੀ ਦਾ ਮੁਲਾਜ਼ਮ ਵੀ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ

ਕਾਨਪੁਰ (ਸੁਨੀਲ ਬਾਜਪਾਈ) ਇੱਥੇ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਸਰਕਾਰੀ ਮੁਲਾਜ਼ਮਾਂ 'ਤੇ ਸ਼ਿਕੰਜਾ ਕੱਸਣਾ ਜਾਰੀ ਹੈ। ਗੋਵਿੰਦ ਨਗਰ ਸਥਿਤ ਏਸੀਪੀ ਦਫਤਰ ਦੇ ਹੈੱਡ ਕਾਂਸਟੇਬਲ ਸ਼ਾਹਨਵਾਜ਼ ਖਾਨ ਦੀ ਗ੍ਰਿਫਤਾਰੀ ਤੋਂ ਬਾਅਦ, ਇਸੇ ਸਿਲਸਿਲੇ ਵਿੱਚ ਮੰਗਲਵਾਰ ਨੂੰ ਕਾਨਪੁਰ ਵਿਕਾਸ ਅਥਾਰਟੀ ਦੇ ਇੱਕ ਕਰਮਚਾਰੀ ਨੂੰ ਵੀ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ ਗਿਆ ਹੈ। ਉਹ ਕਲੋਨੀ ਦੀ ਰਜਿਸਟਰੀ ਕਰਵਾਉਣ ਦੇ ਨਾਂ ਤੇ ਅਲਾਟੀ ਤੋਂ 10,000 ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਿਹਾ ਸੀ।



ਜਾਣਕਾਰੀ ਅਨੁਸਾਰ ਵਸੰਤ ਵਿਹਾਰ ਦੇ ਰਹਿਣ ਵਾਲੇ ਦੀਪੇਂਦਰ ਸ਼ੁਕਲਾ ਦੀ ਵਿਸ਼ਵ ਬੈਂਕ ਸਕੀਮ ਤਹਿਤ ਈਡਬਲਿਊਐਸ ਕਲੋਨੀ ਹੈ। ਦੀਪੇਂਦਰ ਦਾ ਕਹਿਣਾ ਹੈ ਕਿ ਉਹ ਕਰੀਬ ਦਸ ਸਾਲਾਂ ਤੋਂ ਇਸ ਨੂੰ ਰਜਿਸਟਰਡ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੋਸ਼ ਹੈ ਕਿ 2013 ਤੋਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਤੱਕ ਕਲੋਨੀ ਦੀ ਰਜਿਸਟਰੀ ਨਹੀਂ ਹੋਈ। ਇੰਨੇ ਸਾਲਾਂ ਤੋਂ ਕੇਡੀਏ ਕੋਲ ਭੱਜ-ਦੌੜ ਕਰਕੇ ਥੱਕੇ ਦੀਪੇਂਦਰ ਸ਼ੁਕਲਾ ਨੇ ਵਿਜੀਲੈਂਸ ਟੀਮ ਨਾਲ ਸੰਪਰਕ ਕੀਤਾ। ਇਸ ਤੋਂ ਬਾਅਦ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ। ਅਤੇ ਅੱਜ ਮੰਗਲਵਾਰ ਦੁਪਹਿਰ ਨੂੰ ਜਿਵੇਂ ਹੀ ਦੀਪੇਂਦਰ ਨੇ ਕੇ.ਡੀ. ਏ ਦੀ ਤੀਜੀ ਮੰਜ਼ਿਲ ਤੇ ਵਰਲਡ ਬੈਂਕ ਸਕੀਮ ਦੇ ਸੇਲ ਵਿਭਾਗ ਚ ਕੰਮ ਕਰਦੇ ਨੀਰਜ ਮਲਹੋਤਰਾ ਨੂੰ ਰਿਸ਼ਵਤ ਵਜੋਂ 10,000 ਰੁਪਏ ਦੀ ਰਕਮ ਸੌਂਪੀ ਤਾਂ ਉਥੇ ਮੌਜੂਦ ਵਿਜੀਲੈਂਸ ਟੀਮ ਨੇ ਉਸ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। . ਇਸ ਦੌਰਾਨ ਵੱਡੀ ਗਿਣਤੀ ਵਿੱਚ ਕੇ.ਡੀ.ਏ ਕਰਮਚਾਰੀ ਵੀ ਹਾਜ਼ਰ ਸਨ। ਵਿਜੀਲੈਂਸ ਦੀ ਟੀਮ ਨੇ ਮੁਲਜ਼ਮ ਬੇਲਦਾਰ ਨੀਰਜ ਮਲਹੋਤਰਾ ਨੂੰ ਦਬੋਚ ਲਿਆ, ਉਸ ਨੂੰ ਤੀਜੀ ਮੰਜ਼ਿਲ ਤੋਂ ਪੋਰਟੀਕੋ ਤੱਕ ਲੈ ਗਿਆ, ਕਾਰ ਵਿੱਚ ਬਿਠਾ ਕੇ ਵਿਭਾਗ ਵਿੱਚ ਭੇਜ ਦਿੱਤਾ। ਇਸ ਘਟਨਾ ਤੋਂ ਬਾਅਦ ਕੇਡੀਏ ਅਧਿਕਾਰੀਆਂ ਅਤੇ ਕਰਮਚਾਰੀਆਂ ਵਿੱਚ ਹੜਕੰਪ ਮੱਚ ਗਿਆ।

# ਟਰਾਈਡੈਂਟ ਜਿਮ, ਮੋਹਾਲੀ ਬਣਿਆ ਹਾਈ ਪਰਫਾਰਮਰ ਲੀਗ ਦਾ ਜੇਤੂ, ਸੁਖਚੈਨ ਸਰਵੋਤਮ ਟਰੇਨਰ ਐਲਾਨਿਆ ਗਿਆ

ਮੋਹਾਲੀ, (ਲੋਕ ਬਾਣੀ) ਨੌਜਵਾਨਾਂ ਨੂੰ ਜਿੰਮ ਫਿਟਨੈਸ ਵੱਲ ਪ੍ਰੇਰਿਤ ਕਰਨ ਲਈ ਚੰਡੀਗੜ੍ਹ ਟ੍ਰਾਈਸਿਟੀ ਵਿੱਚ ਆਪਣੀ ਕਿਸਮ ਦਾ ਪਹਿਲਾ ਈਵੈਂਟ - ਹਾਈ ਪਰਫਾਰਮਰ ਲੀਗ (ਐਚਪੀਐਲ) ਦਾ ਆਯੋਜਨ ਲਗਭਗ ਦੋ ਮਹੀਨਿਆਂ ਦੇ ਸ਼ੁਰੂਆਤੀ ਦੌਰ ਤੋਂ ਬਾਅਦ, ਸ਼ਾਨਦਾਰ ਫਾਈਨਲ ਆਯੋਜਿਤ ਕੀਤਾ ਗਿਆ। ਟ੍ਰਾਈਸਿਟੀ ਦੇ ਲਗਭਗ 30 ਜਿੰਮਾਂ ਦੇ ਲਗਭਗ 2000 ਖਿਡਾਰੀਆਂ ਨੇ ਪ੍ਰੀਲਿਮ ਰਾਊਂਡ ਵਿੱਚ ਹਿੱਸਾ ਲਿਆ, ਜਿਸਤੋਂ ਬਾਅਦ ਉਨ੍ਹਾਂ ਨੂੰ ਫਾਈਨਲ ਵਿਚ ਸੱਦਾ ਦਿੱਤਾ ਗਿਆ ਸੀ।ਟਰਾਈਡੈਂਟ ਜਿਮ, ਮੋਹਾਲੀ ਨੇ ਮੁਕਾਬਲਾ ਜਿੱਤਿਆ ਜਦਕਿ ਐਥੋਲੋਨਿਕਸ ਦੂਜੇ ਸਥਾਨ ਤੇ ਰਿਹਾ।365 ਜਿਮ ਨੂੰ ਤੀਜੇ ਸਥਾਨ ਨਾਲ ਸੰਤੁਸ਼ਟ ਹੋਣਾ ਪਿਆ। ਦੂਜੇ ਪਾਸੇ ਟਰੇਨਰਜ਼ ਵਰਗ ਵਿੱਚ ਸ਼ਰੈਡ ਹਾਊਸ ਦੇ ਸੁਖਚੈਨ ਨੇ ਪਹਿਲਾ ਸਥਾਨ ਹਾਸਲ ਕੀਤਾ ਜਦਕਿ ਟਰਾਈਡੈਂਟ ਜਿਮ ਦੇ ਟਰੇਨਰ ਪ੍ਰਿੰਸ ਰਨਰਅੱਪ ਰਿਹਾ।ਪਾਵਰ ਹਾਊਸ ਦੇ ਗਗਨ ਨੂੰ ਤੀਜਾ ਇਨਾਮ ਮਿਲਿਆ। ਇਨ੍ਹਾਂ ਵਰਗਾਂ ਤੋਂ ਇਲਾਵਾ ਗ੍ਰੈਂਡ ਫਿਨਾਲੇ ਰਾਊਂਡ ਵਿੱਚ ਵੈਟਰਨਜ਼, ਟੀਮ ਗੇਮ, ਰੱਸਾਕਸ਼ੀ, ਰਿਲੇਅ ਦੌੜ ਆਦਿ ਦੇ ਮੁਕਾਬਲੇ ਵੀ ਕਰਵਾਏ ਗਏ।




ਟਾਈਨਰ ਦੇ ਚੇਅਰਮੈਨ ਡਾਕਟਰ ਪੀਜੇ ਸਿੰਘ, ਯੂਟੀ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸੰਜੇ ਟੰਡਨ, ਐਮਿਟੀ ਯੂਨੀਵਰਸਿਟੀ ਪੰਜਾਬ ਦੇ ਡਾਇਰੈਕਟਰ ਸਾਹਿਲ ਕਪੂਰ ਨੇ ਜੇਤੂਆਂ ਨੂੰ ਸਨਮਾਨਿਤ ਕੀਤਾ।ਇਸ ਸਮਾਗਮ ਨੂੰ ਭੰਗੜਾ ਕੁਈਨ ਐਸ਼ਲੇ ਕੌਰ, ਏ.ਐਲ.ਸੀ., ਕੈਸ਼ਕਾਰੋ ਫੋਰਟਿਸ, ਬੋਨ ਅਤੇ ਗ੍ਰੇ ਹੇਰਨ ਦੁਆਰਾ ਸਹਿਯੋਗ ਪ੍ਰਾਪਤ ਹੋਇਆ।

# ਭਗਵੰਤ ਮਾਨ ਸਰਕਾਰ ਮੁਲਾਜ਼ਮਾਂ ਨਾਲ ਟਕਰਾਓ ਦੀ ਨੀਤੀ ਤਿਆਗ ਕੇ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਹਦੇਆਂ ਮੁਤਾਬਿਕ ਗੱਲਬਾਤ ਰਾਹੀਂ ਮੰਗਾਂ ਦਾ ਨਿਪਟਾਰਾ ਕਰਨ ਦੇ ਰਾਹ ਤੁਰੇ

## ਨਹੀਂ ਫਿਰ ਆ ਰਹੀਆਂ ਜਿਮਨੀ ਚੋਣਾਂ ਦੌਰਾਨ ਖਮਿਆਜਾ ਭੁਗਤਣਾ ਪਵੇਗਾ--ਲੁਬਾਣਾ-ਪੁਆਰੀ-ਰਾਣਵਾਂ

ਲੁਧਿਆਣਾ:-(ਲੋਕ ਬਾਣੀ)-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ(1680) ਦੇ ਪ੍ਰਧਾਨ ਰਣਜੀਤ ਸਿੰਘ ਰਾਣਵਾਂ,ਚੇਅਰਮੈਨ ਦਰਸ਼ਨ ਸਿੰਘ ਲੁਬਾਣਾ,ਸਰਪ੍ਰਸ਼ਤ ਚਰਨ ਸਿੰਘ ਸਰਾਭਾ,ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ,ਮੁੱਖ ਜਥੇਬੰਦਕ ਸਕੱਤਰ ਜਗਦੀਸ ਸਿੰਘ ਚਾਹਲ,ਅਡੀਸਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਅਤੇ ਕਰਤਾਰ ਸਿੰਘ ਪਾਲ,ਸੀਨੀਅਰ ਮੀਤ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ,ਗੁਰਪ੍ਰੀਤ ਸਿੰਘ ਮੰਗਵਾਲ,ਗੁਰਮੇਲ ਸਿੰਘ ਮੈਲਡੇ,ਵਾਈਸ ਪ੍ਰਧਾਨ ਪ੍ਰਵੀਨ ਕੁਮਾਰ ਲੁਧਿਆਣਾ,ਜਗਮੇਲ ਸਿੰਘ ਪੱਖੋਵਾਲ,ਮੇਲਾ ਸਿੰਘ ਪੁੰਨਾਂਵਾਲ ਅਤੇ ਜਿਲਾ ਲੁਧਿਆਣਾ ਦੇ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਨੇ ਪਾਵਰਕੌਮ ਮੁਲਾਜਮਾਂ ਵੱਲੋਂ ਪੀ ਐਸ ਈ ਬੀ ਇੰਪਲਾਈਜ਼ ਜੁਆਂਇੰਟ ਫੋਰਮ,ਬਿਜਲੀ ਮੁਲਾਜਮ ਏਕਤਾ ਮੰਚ ਪੰਜਾਬ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜਨੀਅਰਜ਼ ਦੀ ਅਗਵਾਈ ਚ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਬਿਜਲੀ ਮੁਲਾਜਮਾਂ ਦੀਆਂ ਹੱਕੀ ਮੰਗਾਂ ਨੂੰ ਅਣਗੌਲਿਆਂ ਕਰਨ ਦੇ ਰੋਸ ਵਿੱਚ 10 ਸਤੰਬਰ ਤੋਂ 12 ਸਤੰਬਰ ਤੱਕ ਸਮੂਹਕ ਛੁੱਟੀ ਲੈ ਕੇ ਹੜਤਾਲ ਕਰਨ ਦੇ ਫੈਸਲੇ ਦੀ ਹਮਾਇਤ ਕਰਦਿਆਂ ਕਿਹਾ ਕਿ ਬਿਜਲੀ ਕਾਮਿਆਂ ਦੀਆਂ ਮੰਗਾਂ ਬਿਲਕੁੱਲ ਹੱਕੀ ਅਤੇ ਜਾਇਜ ਹਨ,ਪੰਜਾਬ ਸਰਕਾਰ ਅਤੇ ਬਿਜਲੀ ਮੰਤਰੀ ਨੂੰ ਤੁਰੰਤ ਬਿਜਲੀ ਮੁਲਾਜਮਾਂ ਦੇ ਆਗੂਆਂ ਨਾਲ ਮੁੜ ਗੱਲਬਾਤ ਸੁਰੂ ਕਰਕੇ ਮੰਗਾਂ ਦਾ ਨਿਪਟਾਰਾ ਕਰਨਾ ਚਾਹੀਦਾ,ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ,ਚੇਅਰਮੈਨ ਦਰਸ਼ਨ ਸਿੰਘ ਲੁਬਾਣਾ,ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਅਤੇ ਅਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਕਿਹਾ ਕਿ ਬਿਜਲੀ ਮੁਲਾਜਮ ਹਮੇਸਾਂ ਅਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਅਪਣੀ ਸਰਕਾਰੀ ਡਿਊਟੀ(ਸੇਵਾ)ਨਿਭਾਉਂਦਾ ਹੈ,ਇਸ ਲਈ ਡਿਊਟੀ ਦੌਰਾਨ ਘਾਤਕ ਹਾਦਸੇ ਦਾ ਸਿਕਾਰ ਹੋਏ ਬਿਜਲੀ ਕਾਮਿਆਂ ਦੇ ਪੀੜਤ ਪਰਿਵਾਰਾਂ ਨੂੰ ਇੱਕ ਕਰੋੜ ਦੀ ਮੁਆਵਜ਼ਾ ਰਾਸ਼ੀ ਸਮੇਤ ਕਾਮੇਂ ਨੂੰ ਸਹੀਦ ਦਾ ਦਰਜਾ ਦੇਣਾ,ਹਾਦਸੇ ਦਾ ਸਿਕਾਰ ਹੋਏ ਹਰ ਤਰਾਂ ਦੇ ਕੱਚੇ/ਪੱਕੇ ਮੁਲਾਜਮਾਂ ਨੂੰ ਕੈਸਲੈਸ ਇਲਾਜ਼ ਦੀ ਸੁਵਿਧਾ ਦੇਣਾ,ਹਾਦਸੇ ਦੌਰਾਨ ਕਰਮਚਾਰੀ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸਬੰਧਿਤ ਕਰਮਚਾਰੀ(ਜੇ. ਈ, ਲ.ਮ,ਸ.ਲ.ਮ,ਆਦਿ) ਦੇ ਨਾਂਅ ਉੱਪਰ ਬਿਨਾਂ ਪੜਤਾਲ ਕੀਤੇ ਐਫ. ਆਈ. ਆਰ. ਦਰਜ ਕਰਨ ਦੀ ਪਿਰਤ ਬੰਦ ਕਰਨਾ,ਆਰ ਟੀ ਐਮ ਦੀ ਤਰੱਕੀ ਤੁਰੰਤ ਕਰਨ,ਓ ਸੀ ਕੈਟਾਗਿਰੀ ਨੂੰ ਪੇ ਬੈਂਡ ਦੇਣ,ਸ.ਲ.ਮ. ਤੋਂ ਲ.ਮ.ਦੀ ਤਰੱਕੀ ਕਰਨਾ ਆਦਿ ਬਾਕੀ ਸਾਰੀਆਂ ਕੈਟਾਗਿਰੀਆਂ ਦੀਆਂ ਤਰੱਕੀਆਂ ਵਿੱਚ ਆਈ ਖੜੋਤ ਦੂਰ ਕਰਨਾ,ਇਨ ਹਾਊਸ ਕੰਟ੍ਰੈਕਟ ਕਾਮਿਆਂ ਨੂੰ ਰੈਗੂਲਰ ਕਰਨਾ,ਸੋਧੇ ਭੱਤਿਆਂ ਦਾ 32 ਮਹੀਨੇ ਦਾ ਬਕਾਇਆ ਜਾਰੀ ਕਰਨ,ਹਾਰਡਸਿਪ ਭੱਤਾ ਆਦਿ ਨੂੰ ਸੋਧ ਕੇ ਲਾਗੂ ਕਰਨਾ,ਪੁਨਰਗਠਨ ਦੇ ਨਾਮ ਤੇ ਖਤਮ ਕੀਤੀਆਂ ਅਸਾਮੀਆਂ ਮੁੜ ਸੁਰਜੀਤ ਕਰਨਾ,17 ਜੁਲਾਈ 2020 ਤੋਂ ਪਹਿਲਾਂ ਤਰਸ਼ ਅਧਾਰ ਤੇ ਅਰਜੀ ਦੇਣ ਵਾਲੇ ਕਰਮਚਾਰੀ ਉੱਪਰ ਬਿਜਲੀ ਨਿਗਮ ਦੇ ਤਨਖਾਹ ਸਕੇਲ ਲਾਗੂ ਕਰਨਾ ਅਤੇ ਵਿੱਤ ਵਿਭਾਗ ਪੰਜਾਬ ਨਾਲ ਸਬੰਧਿਤ ਮਸਲੇ ਜਿਵੇਂ 23 ਸਾਲਾ ਅਡਵਾਂਸ ਤਰੱਕੀ ਦਾ ਮਿਲਾਨ ਤੀਸਰੀ ਤਰੱਕੀ ਸਮੇਂ ਕਰਨਾ,1 ਨਵੰਬਰ 2021 ਤੋਂ ਬਾਅਦ ਸਮਾਂਬੱਧ ਸਕੇਲ ਲਾਗੂ ਕਰਨੇ,17 ਜੁਲਾਈ 2020 ਤੋਂ ਬਾਅਦ ਭਰਤੀ ਕੀਤੇ ਮੁਲਾਜਮਾਂ ਤੇ ਕੇਂਦਰੀ ਤਨਖਾਹ ਸਕੇਲਾਂ ਦੀ ਵਿਜਾਏ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨੇ,ਸੋਧੇ ਸਕੇਲਾਂ ਦਾ ਨੌਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਤਰੱਕੀ ਵਾਲੇ ਕਰਮਚਾਰੀਆਂ ਦੀ ਤਨਖਾਹ ਵਿੱਚ ਆਈਆਂ ਤਰੁੱਟੀਆਂ ਦੂਰ ਕਰਨਾ ਆਦਿ ਮੰਗਾਂ ਲਈ ਬਿਜਲੀ ਮੰਤਰੀ ਵੱਲੋਂ ਵਾਹਦਾ ਕੀਤਾ ਗਿਆ ਸੀ ਕਿ 15 ਅਗਸਤ ਤੱਕ ਵਿੱਤ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਜੀ ਨਾਲ ਗੱਲ ਕਰਕੇ ਮੰਗਾਂ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ, ਪਰ ਹੁਣ ਬਿਜਲੀ ਮੈਨੇਜਮੈਂਟ ਅਤੇ ਬਿਜਲੀ ਮੰਤਰੀ ਮੁੱਕਰ ਗਏ ਹਨ,ਜਿਸ ਕਾਰਨ ਬਿਜਲੀ ਕਾਮਿਆਂ ਨੂੰ ਮਜਬੂਰੀ ਬਸ ਤਿੱਖੇ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਅਤੇ ਚੇਅਰਮੈਨ ਦਰਸ਼ਨ ਸਿੰਘ ਲੁਬਾਣਾਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਹਦੇਆਂ/ਗਰੰਟੀਆਂ ਮੁਤਾਬਕਾਂ ਮੁਲਾਜ਼ਮਾਂ ਨਾਲ ਟਕਰਾਓ ਦੀ ਨੀਤੀ ਤਿਆਗ ਕੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦਾ ਰਸਤਾ ਅਖਤਿਆਰ ਕਰਕੇ ਆਗੂਆਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਅਪਣੀ ਸਰਕਾਰ ਦੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਇੱਕ ਵੀ ਮੀਟਿੰਗ ਮੁਲਾਜਮ ਆਗੂਆਂ ਨਾਲ ਮੰਗਾਂ ਦੇ ਨਿਪਟਾਰੇ ਲਈ ਨਹੀਂ ਕੀਤੀ ਜਿਸ ਦਾ ਖਮਿਆਜਾ ਆਪ ਸਰਕਾਰ ਨੂੰ ਆ ਰਹੀਆਂ ਜਿਮਨੀ ਚੋਣਾਂ ਦੌਰਾਨ ਭੁੱਗਤਣਾ ਪਵੇਗਾ।

# ਜ਼ੀ ਪੰਜਾਬੀ ਦੇ ਅਦਾਕਾਰਾਂ ਨੇ ਗ੍ਰੈਂਡਪੇਰੇਂਟਸ ਡੇਅ ਮਨਾਉਂਦੇ ਹੋਏ ਔਨ ਅਤੇ ਆਫ-ਸਕਰੀਨ ਦੇ ਨਾਲ ਦਿਲੋਂ ਪਲਾਂ ਨੂੰ ਮਨਾਇਆ

(ਲੋਕ ਬਾਣੀ) - ਜ਼ੀ ਪੰਜਾਬੀ ਨੇ ਦਾਦਾ-ਦਾਦੀ ਦਿਵਸ ਮਨਾ ਕੇ ਦਿਲ-ਖਿੱਚਵੇਂ ਢੰਗ ਨਾਲ ਮਨਾਇਆ ਕਿਉਂਕਿ ਅਦਾਕਾਰਾਂ ਨੇ ਆਪਣੇ ਔਨ-ਸਕ੍ਰੀਨ ਦਾਦਾ-ਦਾਦੀ ਨਾਲ ਆਪਣੇ ਪਿਆਰੇ ਰਿਸ਼ਤੇ ਸਾਂਝੇ ਕੀਤੇ। ਅਰਜੁਨ ਵਰਮਾ, ਜੋ ਪ੍ਰਸਿੱਧ ਸ਼ੋਅ ਗੱਲ ਮਿੱਠੀ ਮਿੱਠੀ ਵਿੱਚ ਰਣਵੀਰ ਦੀ ਭੂਮਿਕਾ ਨਿਭਾ ਰਿਹਾ ਹੈ, ਅਤੇ ਜਸਮੀਤ ਕੌਰ, ਜੋ ਸਹਿਜਵੀਰ ਵਿੱਚ ਸਹਿਜ ਦੀ ਭੂਮਿਕਾ ਨਿਭਾਉਂਦੀ ਹੈ, ਨੇ ਉਹਨਾਂ ਦੇ ਪੁਰਾਣੇ ਸਹਿ-ਸਿਤਾਰਿਆਂ ਨਾਲ ਉਹਨਾਂ ਵਿਸ਼ੇਸ਼ ਦੋਸਤੀਆਂ ਨੂੰ ਉਜਾਗਰ ਕੀਤਾ ਜੋ ਉਹਨਾਂ ਦੇ ਦਾਦਾ-ਦਾਦੀ ਦਾ ਕਿਰਦਾਰ ਨਿਭਾਉਂਦੇ ਹਨ।

ਅਰਜੁਨ ਵਰਮਾ ਨੇ ਆਪਣੇ ਸਹਿ-ਸਟਾਰ ਲਈ ਆਪਣੀ ਡੂੰਘੀ ਪ੍ਰਸ਼ੰਸਾ ਜ਼ਾਹਰ ਕੀਤੀ, ਜੋ ਉਸ ਦੇ ਦਾਦਾ ਦੀ ਭੂਮਿਕਾ ਨਿਭਾਉਂਦੇ ਹਨ, ਉਨ੍ਹਾਂ ਦੇ ਰਿਸ਼ਤੇ ਨੂੰ ਸੱਚੀ ਦੋਸਤੀ ਅਤੇ ਸਤਿਕਾਰ ਵਜੋਂ ਦਰਸਾਉਂਦੇ ਹਨ। ਅਜਿਹੇ ਤਜਰਬੇਕਾਰ ਅਦਾਕਾਰਾਂ ਨਾਲ ਕੰਮ ਕਰਨਾ ਇੱਕ ਸਨਮਾਨ ਦੀ ਗੱਲ ਹੈ। ਅਸੀਂ ਆਨ-ਸਕਰੀਨ ਜੋ ਬੰਧਨ ਸਾਂਝਾ ਕਰਦੇ ਹਾਂ, ਉਹ ਅਸਲ ਪਿਆਰ ਨੂੰ ਦਰਸਾਉਂਦਾ ਹੈ ਜੋ ਅਸੀਂ ਇੱਕ-ਦੂਜੇ ਤੋਂ ਆਫ-ਸਕਰੀਨ ਲਈ ਰੱਖਦੇ ਹਾਂ। ਉਹ ਸਿਰਫ਼ ਇੱਕ ਸਹਿ-ਸਟਾਰ ਤੋਂ ਵੱਧ ਹੈ; ਉਹ ਮੇਰੇ ਲਈ ਇੱਕ ਅਸਲੀ ਦਾਦਾ ਵਾਂਗ ਹੈ; ਅਰਜੁਨ ਨੇ ਸਾਂਝਾ ਕੀਤਾ।

ਇਸੇ ਤਰ੍ਹਾਂ ਜਸਮੀਤ ਕੌਰ ਨੇ ਸਹਿਜਵੀਰ ਤੋਂ ਆਪਣੀ ਆਨ-ਸਕਰੀਨ ਦਾਦੀ ਨਾਲ ਦਿਲ ਨੂੰ ਛੂਹਣ ਵਾਲੇ ਪਲ ਸਾਂਝੇ ਕੀਤੇ। ਉਸਨੇ ਸਮੇਂ ਦੇ ਨਾਲ ਉਹਨਾਂ ਦੁਆਰਾ ਬਣਾਏ ਗਏ ਵਿਲੱਖਣ ਕਨੈਕਸ਼ਨ ਬਾਰੇ ਗੱਲ ਕੀਤੀ। ਜਸਮੀਤ ਨੇ ਕਿਹਾ, ਉਸਨੇ ਮੈਨੂੰ ਸਿਰਫ਼ ਅਦਾਕਾਰੀ ਬਾਰੇ ਹੀ ਨਹੀਂ, ਸਗੋਂ ਜ਼ਿੰਦਗੀ ਬਾਰੇ ਬਹੁਤ ਕੁਝ ਸਿਖਾਇਆ ਹੈ। ਸਾਡੀ ਦੋਸਤੀ







ਪਿਆਰ ਅਤੇ ਹਾਸੇ ਨਾਲ ਭਰੀ ਹੋਈ ਹੈ, ਅਤੇ ਉਹ ਅਸਲ ਜ਼ਿੰਦਗੀ ਵਿੱਚ ਮੇਰੇ ਲਈ ਦਾਦੀ ਵਾਂਗ ਬਣ ਗਈ ਹੈ; ਜਸਮੀਤ ਨੇ ਕਿਹਾ।

ਇਹ ਦਿਲ ਨੂੰ ਛੂਹਣ ਵਾਲੀਆਂ ਕਹਾਣੀਆਂ ਉਨ੍ਹਾਂ ਸ਼ਕਤੀਸ਼ਾਲੀ ਬੰਧਨਾਂ ਨੂੰ ਦਰਸਾਉਂਦੀਆਂ ਹਨ ਜੋ ਸੈੱਟ ਤੇ ਵਿਕਸਤ ਹੋ ਸਕਦੀਆਂ ਹਨ, ਭੂਮਿਕਾਵਾਂ ਤੋਂ ਪਾਰ ਹੋ ਸਕਦੀਆਂ ਹਨ ਅਤੇ ਅਸਲ-ਜੀਵਨ ਦੇ ਰਿਸ਼ਤੇ ਬਣਾ ਸਕਦੀਆਂ ਹਨ ਜੋ ਪਰਿਵਾਰ ਦੇ ਨਿੱਘ ਅਤੇ ਪਿਆਰ ਨੂੰ ਦਰਸਾਉਂਦੀਆਂ ਹਨ। ਆਪਣੇ ਮਨਪਸੰਦ ਕਲਾਕਾਰ ਅਰਜੁਨ ਵਰਮਾ ਅਤੇ ਜਸਮੀਤ ਕੌਰ ਨੂੰ ਸ਼ੋਅ ਗੱਲ ਮਿਠੀ ਮਿਠੀ ਸ਼ਾਮ 7:00 ਵਜੇ ਅਤੇ ਸਹਿਜਵੀਰ ਰਾਤ 8:30 ਤੇ ਸਿਰਫ ਜ਼ੀ ਪੰਜਾਬੀ ਤੇ ਦੇਖੋ।

## .ਗ਼ਜ਼ਲ

ਉਸ ਨੂੰ ਕਿੰਨਾ ਚਾਅ ਹੁੰਦਾ ਏ।
ਅੱਖਾਂ ਦੇ ਵਿਚ ਰਾਹ ਹੁੰਦਾ ਏ।
ਜਿੱਥੇ ਤੇਰੇ ਹੰਝੂ ਡਿੱਗੇ,
ਸੂਰਜ ਵਰਗਾ ਘਾਹ ਹੁੰਦਾ ਏ।
ਚੰਗੀ ਮਾੜੀ ਪਰਖ ਕਰੇਗਾ,
ਜਿਸ ਨੂੰ ਜਿਸ ਨਾਲ ਵਾਅ ਹੁੰਦਾ ਏ।
ਉਥੇ ਜਾਣਾ ਕਿਹੜਾ ਸੌਖਾ,
ਏਦਾਂ ਕਿਦਾਂ ਜਾ ਹੁੰਦਾ ਏ।
ਅੰਬਰੋਂ ਤਾਰੇ ਤੋੜਣ ਦੀ ਜ਼ਿਦ,
ਮਨ ਕਿਹੜਾ ਸਮਝਾਅ ਹੁੰਦਾ ਏ।
ਭੁਲ ਕੇ ਵੀ ਤਕਰਾਰ ਕਰੀਂ ਨਾ,
ਗਲ ਵਿਚ ਪਾਇਆ ਫਾ ਹੁੰਦਾ ਏ।
ਡੁਬ ਕੇ ਆਪਾਂ ਵੇਖ ਲਿਆ ਏ,
ਜਾ ਹੁੰਦਾ ਨਾ ਆ ਹੁੰਦਾ ਏ।
ਜੀਵਨ ਵਿਚ ਜੋ ਕਰਨਾ ਕਰ ਲੈ,
ਮੁੜ ਕੇ ਕਿੱਥੇ ਆ ਹੁੰਦਾ ਏ।
ਉਸ ਨੇ ਇਸ ਅੰਦਾਜ਼ 'ਚ ਚੁੰਮਿਆ,
ਗੂੰਗੇ ਤੋਂ ਵੀਂ ਗਾ ਹੁੰਦਾ ਏ।
ਉਸ ਦੇ ਦਰ 'ਤੇ ਜਾਣਾ ਨਈਂ ਪਰ,
ਜ਼ਹਿਰ ਹਮੇਸ਼ਾਂ ਖਾ ਹੁੰਦਾ ਏ।
ਖ਼ੁਸ਼ੀਆਂ ਦੀ ਪਰਿਭਾਸ਼ਾ ਦੱਸਾਂ,
ਜਦ ਵੀ ਘੁੰਢ 'ਚੋਂ ਚਾ ਹੁੰਦਾ ਏ।
ਬਾਲਮ ਨਜ਼ਰ ਟਿਕਾ ਕੇ ਰਖ ਲੈ,
ਤਾਣੀ ਨੂੰ ਉਲਝਾਅ ਹੁੰਦਾ ਏ।

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ (ਪੰਜਾਬ)
ਐਡਮਿੰਟਨ ਕਨੇਡਾ।

# ਸੀ.ਆਈ.ਏ. ਸਟਾਫ ਮੋਹਾਲ਼ੀ ਵੱਲੋਂ 02 ਦੋਸ਼ੀ 01 ਨਾਜਾਇਜ਼ ਪਿਸਤੌਲ .32 ਬੋਰ ਅਤੇ 02 ਜ਼ਿੰਦਾਂ ਰੌਂਦ ਸਮੇਤ ਗ੍ਰਿਫਤਾਰ



ਮੋਹਾਲੀ , (ਲੋਕ ਬਾਣੀ) ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐਸ.ਏ.ਐਸ. ਨਗਰ ਦੀਪਕ ਪਾਰਿਕ ਆਈ. ਪੀ.ਐਸ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੋਹਾਲ਼ੀ ਪੁਲਿਸ ਵੱਲੋਂ ਮਾੜੇ ਅਨਸਰਾਂ ਵਿਰੁੱਧ ਚਲਾਈ ਮੁਹਿਮ ਦੌਰਾਨ ਕਪਤਾਨ ਪੁਲਿਸ ਇੰਨਵੈਸਟੀਗੇਸ਼ਨ ਡਾ. ਜੋਤੀ ਯਾਦਵ, ਜ਼ਿਲ੍ਹਾ ਐਸ.ਏ.ਐਸ. ਨਗਰ ਅਤੇ ਉੱਪ ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਤਲਵਿੰਦਰ ਸਿੰਘ ਦੀ ਨਿਗਰਾਨੀ ਹੇਠ ਇੰਸਪੈਕਟਰ ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਮੋਹਾਲ਼ੀ ਕੈਂਪ ਐਂਟ ਖਰੜ ਦੀ ਟੀਮ ਵੱਲੋਂ 02 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 01 ਨਾਜਾਇਜ਼ ਪਿਸਟਲ .32 ਬੋਰ ਸਮੇਤ 02 ਜਿੰਦਾਂ ਰੌਂਦ ਅਤੇ ਇੱਕ ਗੱਡੀ ਨੰ: ♦219-ↄ-3453 ਬ੍ਰਾਮਦ ਕਰਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ।

ਉਨ੍ਹਾਂ ਜਾਣਕਾਰੀ ਦਿੰਦੇ ਦੱਸਿਆ ਕਿ ਮਿਤੀ 05-09-2024 ਨੂੰ ਸੀ.ਆਈ.ਏ. ਸਟਾਫ ਦੀ ਪੁਲਿਸ ਪਾਰਟੀ ਨੇੜੇ ਏਅਰਪੋਰਟ ਚੌਂਕ ਮੌਜੂਦ ਸੀ, ਜਿੱਥੇ ਸੀ.ਆਈ.ਏ. ਸਟਾਫ ਦੇ ਏ ਐਸ ਆਈ ਗੁਰਦੀਪ ਸਿੰਘ ਨੂੰ ਸੂਚਨਾ ਮਿਲ਼ੀ ਕਿ ਏਵਨਪ੍ਰੀਤ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਮਹਿਲ ਕਲਾਂ, ਜ਼ਿਲ੍ਹਾ ਬਰਨਾਲ਼ਾ ਅਤੇ ਸੰਦੀਪ ਸਿੰਘ ਉਰਫ ਮਿੱਟੂ ਪੁੱਤਰ ਜਗਰੂਪ ਵਾਸੀ ਪਿੰਡ ਸਹੌਰ, ਜ਼ਿਲ੍ਹਾ ਬਰਨਾਲ਼ਾ ਦੇ ਰਹਿਣ ਵਾਲ਼ੇ ਹਨ, ਜਿਨਾਂ ਪਾਸ ਨਾਜਾਇਜ਼ ਹਥਿਆਰ ਹਨ ਅਤੇ ਇਹਨਾਂ ਵਿਰੁੱਧ ਪਹਿਲਾਂ ਵੀ ਲੜਾਈ ਝਗੜੇ ਦੇ ਮੁਕੱਦਮੇ ਦਰਜ ਹਨ। ਜੋ ਅੱਜ ਵੀ ਗੱਡੀ ਨੰ: ♦219-ↄ-3453 ਮਾਰਕਾ ਮਹਿੰਦਰਾ ✓”ↄ-300 ਰੰਗ ਕਾਲ਼ਾ ਪਰ ਸਵਾਰ ਹੋ ਕੇ ਛੱਤ ਲਾਈਟਾਂ ਨੇੜੇ ਆਪਣੇ ਕਿਸੇ ਦੋਸਤ ਦੀ ਉਡੀਕ ਕਰ ਰਹੇ ਹਨ। ਜੇਕਰ ਰੇਡ ਕਰਕੇ ਕਾਬੂ ਕੀਤਾ ਜਾਵੇ ਤਾਂ ਇਹਨਾਂ ਪਾਸੋਂ ਨਜਾਇਜ ਹਥਿਆਰ ਬ੍ਰਾਮਦ ਹੋ ਸਕਦੇ ਹਨ।

ਮਿਲੀ ਸੂਚਨਾ ਦੇ ਅਧਾਰ ਤੇ ਨਿਮਨਲਿਖਤ ਦੋਸ਼ੀਆਂ ਵਿਰੁੱਧ ਮੁਕੱਦਮਾ ਨੰ: 104 ਮਿਤੀ 05-09-2024 ਅ/ਧ 25-54-59 ਅਸਲਾ ਐਕਟ ਥਾਣਾ ਆਈ.ਟੀ. ਸਿਟੀ ਦਰਜ ਰਜਿਸਟਰ ਕੀਤਾ ਗਿਆ। ਜਿਨਾਂ ਨੂੰ ਨੇੜੇ ਛੱਤ ਲਾਈਟਾਂ ਸਲਿੱਪ ਰੋਡ ਤੋਂ ਕਾਬੂ ਕਰਕੇ ਗੱਡੀ ਨੰ: PB19-V-3453 ਦੇ ਡੈਸ਼ਬੋਰਡ ਵਿੱਚੋਂ ਇੱਕ ਪਿਸਟਲ .32 ਬੋਰ ਸਮੇਤ 02 ਜਿੰਦਾ ਰੌਂਦ ਬ੍ਰਾਮਦ ਕੀਤੇ ਗਏ। ਦੋਸ਼ੀ ਪੁਲਿਸ ਰਿਮਾਂਡ ਅਧੀਨ ਹਨ, ਜਿਨਾਂ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਇਹ ਹਥਿਆਰ ਕਿਸ ਪਾਸੋਂ ਅਤੇ ਕਿਸ ਮਕਸਦ ਲਈ ਲੈ ਕੇ ਆਏ ਸਨ।

# ਬਲਾਕ ਸ਼ਹਿਣਾ ਦੇ ਮੁਕਾਬਲਿਆਂ ਦਾ ਐਮ.ਐਲ.ਏ. ਉਗੋਕੇ ਵਲੋਂ ਆਗਾਜ਼




ਭਦੌੜ,(ਲੋਕ ਬਾਣੀ)

ਪੰਜਾਬ ਸਰਕਾਰ ਵਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦੇ ਸੀਜ਼ਨ 3 ਤਹਿਤ ਸ਼ਹਿਣਾ ਬਲਾਕ ਦੇ ਮੁਕਾਬਲੇ ਅੱਜ ਸ਼ੁਰੂ ਹੋ ਗਏ ਹਨ, ਜਿਨ੍ਹਾਂ ਦਾ ਆਗਾਜ਼ ਐਮ.ਐਲ.ਏ. ਭਦੌੜ ਸ੍ਰੀ ਲਾਭ ਸਿੰਘ ਉੱਗੋਕੇ ਵੱਲੋਂ ਪਬਲਿਕ ਸਟੇਡੀਅਮ ਭਦੌੜ ਵਿਖੇ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਉਪਰਾਲੇ ਨਾਲ ਜਿੱਥੇ ਨੌਜਵਾਨਾਂ ਖੇਡਾਂ ਦੇ ਖੇਤਰ ਵਿੱਚ ਹੋਰ ਮੱਲਾਂ ਮਾਰਨਗੇ, ਓਥੇ ਨੌਜਵਾਨ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਦੂਰ ਰਹਿੰਦੇ ਹਨ। ਉਨ੍ਹਾਂ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਇੱਥੇ ਪਬਲਿਕ ਸਟੇਡੀਅਮ ਵਿੱਚ ਐਥਲੈਟਿਕਸ, ਵਾਲੀਬਾਲ ਤੇ ਕਬੱਡੀ ਖੇਡਾਂ ਹੋਈਆਂ ਤੇ ਫੁੱਟਬਾਲ ਸਸਸਸ ਭਦੌੜ ਤੇ ਖੋ-ਖੋ ਮੁਕਾਬਲੇ ਮਾਤਾ ਗੁਜਰੀ ਪਬਲਿਕ ਸਕੂਲ ਭਦੌੜ ਵਿਖੇ ਹੋ ਰਹੇ ਹਨ। ਹੈ। ਖੋ-ਖੋ ਵਿੱਚ 72 ਲੜਕੇ ਅਤੇ 48 ਲੜਕੀਆਂ ਨੇ ਭਾਗ ਲਿਆ, ਅੰਡਰ 17 ਲੜਕਿਆਂ ਵਿੱਚ ਪਹਿਲੀ ਪੁਜੀਸ਼ਨ ਮਾਤਾ ਗੁਜਰੀ ਪਬਲਿਕ ਸਕੂਲ ਭਦੌੜ, ਦੂਜੀ ਪੁਜੀਸ਼ਨ ਸਸਸਸ ਸਹਿਣਾ, ਤੀਜੀ ਪੁਜੀਸ਼ਨ ਆਰੀਆ ਭੱਟ ਇੰਟ. ਸਕੂਲ ਚੀਮਾ ਜੋਧਪੁਰ ਦੀ ਰਹੀ। ਅੰਡਰ 17 ਲੜਕੀਆਂ ਵਿੱਚ ਪਹਿਲੀ ਪੁਜੀਸ਼ਨ ਸਰਕਾਰੀ ਹਾਈ ਜੰਗੀਆਣਾ, ਦੂਜੀ ਪੁਜੀਸ਼ਨ ਗੁਰੂ ਨਾਨਕ ਪਬਲਿਕ ਸਕੂਲ ਸੁਖਪੁਰਾ, ਤੀਜੀ ਅਕਾਲ ਅਕੈਡਮੀ ਭਦੌੜ ਦੀ ਰਹੀ।

ਵਾਲੀਬਾਲ ਵਿੱਚ 25 ਲੜਕੀਆਂ ਅਤੇ 45 ਲੜਕਿਆਂ ਨੇ ਭਾਗ ਲਿਆ। ਐਥਲੈਟਿਕਸ ਵਿੱਚ ਉਮਰ ਵਰਗ 21 ਲੜਕੇ ਵਿੱਚ ਲੰਬੀ ਛਾਲ ਵਿੱਚ ਤਸਲੀਮ ਖਾਨ, ਪੁਨੀਤ ਦਾਸ ਤੇ ਸਤਨਾਮ ਸਿੰਘ ਨੇ ਕ੍ਰਮਵਾਰ ਪਹਿਲੀ, ਦੂਜੀ ਪੁਜੀਸ਼ਨ ਤੇ ਤੀਜੀ ਪੁਜੀਸ਼ਨ ਪ੍ਰਾਪਤ ਕੀਤੀ। 31-40 ਉਮਰ ਵਰਗ ਵਿੱਚ 100 ਮੀ. ਦੌੜ ਵਿੱਚ ਸੁਖਮੰਦਰ ਸਿੰਘ , ਮਨਪ੍ਰੀਤ ਸਿੰਘ, ਸ਼ੰਟੀ ਕੁਮਾਰ ਨੇ ਕ੍ਰਮਵਾਰ ਪਹਿਲੀ, ਦੂਜੀ ਪੁਜੀਸ਼ਨ ਅਤੇ ਤੀਜੀ ਪੁਜੀਸ਼ਨ ਪ੍ਰਾਪਤ ਕੀਤੀ। 21-30 ਉਮਰ ਵਰਗ ਵਿੱਚ ਈਵੈਂਟ 100 ਮੀ. ਵਿੱਚ ਜਸਕਰਨ ਸਿੰਘ , ਸਰਵਣ ਸਿੰਘ, ਦਿਲਾਵਰ ਖਾਨ ਨੇ ਕ੍ਰਮਵਾਰ ਪਹਿਲੀ, ਦੂਜੀ ਪੁਜੀਸ਼ਨ ਤੇ ਤੀਜੀ ਪੁਜੀਸ਼ਨ ਪ੍ਰਾਪਤ ਕੀਤੀ।

# ਦਲਿਤ ਮੁਕਤੀ ਮਾਰਚ ਦਾ ਭਵਾਨੀਗੜ੍ਹ ਬਲਿਆਲ ਰੋਡ ਗੁਰਦਵਾਰਾ ਸ੍ਰੀ ਗੁਰੂ ਰਵਿਦਾਸ ਜੀ ਬੇਗਮਪੁਰਾ ਵਿਚ ਭਰਵਾਂ ਸਵਾਗਤ



ਭਵਾਨੀਗੜ੍ਹ, (ਲੋਕ ਬਾਣੀ) : ਮਲੇਰਕੋਟਲਾ ਦੇ ਪਿੰਡ ਤੋਲੇਵਾਲ ਤੋਂ ਸ਼ੁਰੂ ਹੋਇਆ ਦਲਿਤ ਮੁਕਤੀ ਮਾਰਚ ਨਾਭਾ, ਪਟਿਆਲਾ ਦਿਹਾਤੀ, ਸਨੌਰ, ਘਨੌਰ, ਪਟਿਆਲਾ, ਸਮਾਣਾ ਹੁੰਦਾ ਹੋਇਆ ਭਵਾਨੀਗੜ੍ਹ ਬਲਿਆਲ ਰੋਡ ਤੇ ਸਥਿੱਤ ਗੁਰਦੁਵਾਰਾ ਸ੍ਰੀ ਗੁਰੂ ਰਵਿਦਾਸ ਜੀ ਬੇਗਮਪੁਰਾ ਵਿੱਚ ਪਹੁੰਚਣ ਤੇ ਗੁਰੂਦੁਵਾਰਾ ਪ੍ਰਬੰਧਕ ਕਮੇਟੀ ਨੇ ਨਾਅਰੇ ਲਾਕੇ ਕਾਫ਼ਲੇ ਦਾ ਸਵਾਗਤ ਕੀਤਾ।

ਇਸ ਮੌਕੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਪ੍ਰਧਾਨ ਮੁਕੇਸ਼ ਮਲੌਦ ਅਤੇ ਸਕੱਤਰ ਗੁਰਵਿੰਦਰ ਸਿੰਘ ਬੌੜਾਂ ਨੇ ਦੱਸਿਆ ਕਿ ਜਮੀਨ ਦੀ ਕਾਣੀ ਵੰਡ ਅਤੇ ਜਾਤੀ ਦਾਬੇ ਖਿਲਾਫ ਸ਼ੁਰੂ ਹੋਏ ਇਸ ਮਾਰਚ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਦੱਸਿਆ ਕਿ ਮਾਰਚ ਦੌਰਾਨ ਪਿੰਡਾਂ ਵਿੱਚੋਂ ਵੱਡੀ ਗਿਣਤੀ ਲੋਕਾਂ ਵੱਲੋਂ ਵੱਡਾ ਇਕੱਠ ਕਰਕੇ ਕਾਫ਼ਲੇ ਨੂੰ ਪਿੰਡਾ ਵਿੱਚ ਦਾਖਲ ਹੋਣ ਤੇ ਆਗੂਆਂ ਅਤੇ ਕਾਫ਼ਲੇ ਵਿੱਚ ਸ਼ਾਮਲ ਵਿਆਕਤੀਆਂ ਦੇ ਹਾਰ ਪਾਕੇ ਨਾਅਰੇ ਲਾਕੇ ਆਪਣੀਆਂ ਧਰਮਸ਼ਾਲਾ ਵਿੱਚ ਲੈਕੇ ਜਾ ਰਹੇ ਹਨ। ਇਸ ਮਾਰਚ ਦੌਰਾਨ ਭਵਾਨੀਗੜ੍ਹ ਤੋਂ ਬਲਦ ਕਲਾਂ, ਨਦਾਮਪੁਰ, ਹਰਦਿੱਤਪੁਰਾ, ਭੜੋ, ਬੀਬੜ, ਬੀਬੜੀ, ਹੁੰਦਾ ਹੋਇਆ ਕਾਫ਼ਲਾ ਮਾਂਝਾ ਮਾਂਝੀ ਪਹੁੰਚਿਆ। ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਅਤੇ ਮੀਤ ਪ੍ਰਧਾਨ ਧਰਮਵੀਰ ਹਰੀਗੜ੍ਹ ਨੇ ਕਿਹਾ ਕਿ ਕੋਈ ਵੀ ਸਰਕਾਰ ਹਾਸੀਏ ਉੱਪਰ ਧੱਕੇ ਦਲਿਤ ਭਾਈਚਾਰੇ ਨੂੰ ਉਸ ਗੁਰਬਤ ਦੀ ਜ਼ਿੰਦਗੀ ਵਿੱਚੋਂ ਬਾਹਰ ਕੱਢਣ ਲਈ ਕੋਈ ਯਤਨ ਕਰਨ ਨੂੰ ਤਿਆਰ ਨਹੀਂ ਸਗੋਂ ਹਮੇਸ਼ਾਂ ਚੋਣਾਂ ਲਈ ਵਰਤਿਆ ਜਾਂਦਾ ਹੈ। ਉਹਨਾਂ ਇਸ ਗੁਰਬਤ ਦੀ ਜ਼ਿੰਦਗੀ ਚੋਂ ਬਾਹਰ ਨਿਕਲਣ ਲਈ ਲੋਕਾਂ ਨੂੰ ਆਪਣੇ ਹਿੱਸੇ ਦੀਆਂ ਜਮੀਨਾਂ, ਪੱਕੇ ਮਕਾਨ, ਬਿਨਾਂ ਵਿਆਜ ਕਰਜਾ, ਪੱਕੇ ਰੁਜ਼ਗਾਰ ਅਤੇ ਜਾਤੀ ਦਾਬੇ ਨੂੰ ਤੋੜਨ ਲਈ ਸੰਘਰਸ਼ਾਂ ਦਾ ਪਿੜ ਮੱਲਣ ਦਾ ਸੱਦਾ ਦਿੱਤਾ। ਆਪਣੇ ਹਿੱਸੇ ਦੀ ਜਮੀਨ ਅਤੇ ਜਾਤੀ ਦਾਬਾ ਤੋੜਨ ਸਬੰਧੀ। ਪਿੰਡਾਂ ਵਿੱਚ ਸ਼ੀਤਲ ਰੰਗ ਮੰਚ ਸ਼ੇਰਪੁਰ ਦੀ ਟੀਮ ਵੱਲੋਂ ਮਜ਼ਦੂਰਾਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਉਂਦਾ ਨਾਟਕ “ਤੈਂ ਕੀ ਦਰਦ ਨਾ ਆਇਆ” ਦੀ ਪੇਸ਼ਕਾਰੀ ਵੀ ਕੀਤੀ ਗਈ।

ਇਸ ਮੌਕੇ ਉਪਰੋਕਤ ਤੋਂ ਬਿਨਾਂ ਮਾਰਚ ਦੌਰਾਨ ਜੋਨਲ ਆਗੂ ਜਗਤਾਰ ਸਿੰਘ ਤੋਲੇਵਾਲ ਗੁਰਚਰਨ ਸਿੰਘ ਘਰਾਚੋਂ, ਸ਼ਿੰਗਾਰਾ ਸਿੰਘ ਹੇੜੀਕੇ, ਚਰਨ ਸਿੰਘ ਬਲਦ ਕਲਾਂ, ਅਵਤਾਰ ਸਿੰਘ ਬਲਦ ਕਲਾਂ, ਬਲਵਿੰਦਰ ਸਿੰਘ ਮਾਝਾ ਰਮਨਦੀਪ ਨਦਾਮਪੁਰ ਆਦਿ ਨੇ ਸੰਬੋਧਨ ਕੀਤਾ ਅਤੇ ਪਰਮਵੀਰ ਹਰੀਗੜ, ਜਸਵਿੰਦਰ ਸਿੰਘ ਹੇੜੀਕੇ, ਵੀਰਪਾਲ ਦੁੱਲੜ, ਸੁਖਵਿੰਦਰ ਸਿੰਘ ਬਟੜਿਆਣਾ, ਹਰੀਰਾਮ ਮੋਹਾਲਾ ਅਤੇ ਹੋਰ ਬਹੁਤ ਸਾਰੇ ਵਿਅਕਤੀ ਸ਼ਾਮਲ ਸਨ।

# ਪੰਜਾਬ ਨੰਬਰਦਾਰ ਯੂਨੀਅਨ ਜ਼ਿਲ੍ਹਾ ਮਲੇਰਕੋਟਲਾ ਦੇ ਆਗੂਆਂ ਨੇ ਮਲੇਰਕੋਟਲਾ ਵਿਖੇ ਨਵੇਂ ਤਹਿਸੀਲਦਾਰ ਸ੍ਰੀ ਸ਼ੀਸ਼ਪਾਲ ਸਿੰਗਲਾ ਦਾ ਗੁਲਦਸਤੇ ਭੇਟ ਕਰ ਕੇ ਕੀਤਾ ਸਵਾਗਤ



ਮਲੇਰਕੋਟਲਾ, (ਲੋਕ ਬਾਣੀ)-ਪੰਜਾਬ ਨੰਬਰਦਾਰ ਯੂਨੀਅਨ ਰਜਿ.643 ਜ਼ਿਲ੍ਹਾ ਮਲੇਰਕੋਟਲਾ ਦੇ ਇੱਕ ਵਫ਼ਦ ਵੱਲੋਂ ਪ੍ਰਧਾਨ ਰਾਜ ਸਿੰਘ ਦੁੱਲਮਾਂ ਦੀ ਪ੍ਰਧਾਨਗੀ ਹੇਠ ਨਵੇਂ ਆਏ ਤਹਿਸੀਲਦਾਰ ਮਲੇਰਕੋਟਲਾ ਸ੍ਰੀ ਸ਼ੀਸ਼ਪਾਲ ਸਿੰਗਲਾ ਨਾਲ ਕੀਤੀ ਮੁਲਾਕਾਤ ਦੌਰਾਨ ਉਨ੍ਹਾਂ ਨੰਬਰਦਾਰਾਂ ਨੂੰ ਭਰੋਸਾ ਦਿੱਤਾ ਕਿ ਨੰਬਰਦਾਰਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਤੇ ਹਮਦਰਦੀ ਨਾਲ ਵਿਚਾਰ ਕਰ ਕੇ ਨੰਬਰਦਾਰਾਂ ਦੇ ਨਵੇਂ ਕਾਰਡ ਜਲਦੀ ਬਣਾਏ ਜਾਣਗੇ। ਇਸ ਤੋਂ ਪਹਿਲਾਂ ਨੰਬਰਦਾਰਾਂ ਵੱਲੋਂ ਤਹਿਸੀਲਦਾਰ ਸ੍ਰੀ ਸ਼ੀਸ਼ਪਾਲ ਸਿੰਗਲਾ ਦਾ ਹਾਅ ਦੇ ਨਾਅਰੇ ਦੀ ਇਤਿਹਾਸਿਕ ਧਰਤੀ ਮਲੇਰਕੋਟਲਾ ਵਿਖੇ ਸੇਵਾ ਸੰਭਾਲਣ ਤੇ ਫੁੱਲਾਂ ਦੇ ਗੁਲਦਸਤੇ ਪੇਸ਼ ਕਰ ਕੇ ਪੁਰਜੋਸ਼ ਸਵਾਗਤ ਕੀਤਾ ਗਿਆ। ਇਸ ਵਫ਼ਦ ਵਿਚ ਪ੍ਰਧਾਨ ਰਾਜ ਸਿੰਘ ਦੁਲਮਾਂ ਦੇ ਨਾਲ ਜ਼ਿਲ੍ਹਾ ਖ਼ਜ਼ਾਨਚੀ ਦਰਸ਼ਨ ਸਿੰਘ ਖਟੜਾ, ਤਹਿਸੀਲ ਮਲੇਰਕੋਟਲਾ ਦੇ ਪ੍ਰਧਾਨ ਬਿੱਕਰ ਸਿੰਘ, ਤਹਿਸੀਲ ਅਮਰਗੜ੍ਹ ਦੇ ਪ੍ਰਧਾਨ ਮਲਕੀਤ ਸਿੰਘ ਹੁਸੈਨਪੁਰਾ, ਅੱਛਰੂ ਸਿੰਘ ਹਿੰਮਤਾਣਾ, ਮੁਹੰਮਦ ਰਮਜ਼ਾਨ, ਕੁਲਦੀਪ ਸਿੰਘ ਕੁਠਾਲਾ ਅਤੇ ਬਲਵੀਰ ਸਿੰਘ ਕਸਬਾ ਭੁਰਾਲ ਆਦਿ ਨੰਬਰਦਾਰ ਆਗੂ ਵੀ ਮੌਜੂਦ ਸਨ।